Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 153 27/10/2025 www.samajweekly.com samajweekly @samajweekly samajweekly


# 46 ਹੋਰ ਭਾਰਤੀ ਅਮਰੀਕਾ ’ਚੋਂ ਕੱਢੇ ਗਏ

## ‘ਡੰਕੀ’ ਰਸਤੇ ਰਾਹੀਂ ਗਏ ਸਨ ਅਮਰੀਕਾ

**ਚੰਡੀਗੜ੍ਹ।** ਅਮਰੀਕਾ ’ਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹਰਿਆਣਾ ਦੇ 46 ਨੌਜੁਆਨਾਂ ਨੂੰ ਵਾਪਸ ਭੇਜ ਦਿਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ ਹੱਥਕੜੀਆਂ ਅਤੇ ਜ਼ੰਜੀਰਾਂ ਵਿਚ ਜਕੜ ਕੇ ਭੇਜਿਆ ਗਿਆ। ਜਹਾਜ਼ ਸਨਿਚਰਵਾਰ ਸ਼ਾਮ ਨੂੰ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਉਤੇ ਉਤਰਿਆ। ਐਤਵਾਰ ਸਵੇਰੇ ਸਬੰਧਤ ਜ਼ਿਲ੍ਹਿਆਂ ਦੀ ਪੁਲਿਸ ਨੇ ਨੌਜੁਆਨਾਂ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸੌਂਪ ਦਿਤਾ। ਕੱਢੇ ਗਏ ਇਕ ਨੌਜੁਆਨ ਨੇ ਕਿਹਾ ਕਿ 3 ਨਵੰਬਰ ਨੂੰ ਇਕ ਹੋਰ ਜਹਾਜ਼ ਅਮਰੀਕਾ ਤੋਂ ਭਾਰਤੀਆਂ ਨੂੰ ਲੈ ਕੇ ਆਵੇਗਾ। ਦੇਸ਼ ਨਿਕਾਲੇ ਵਿਚ ਸੱਭ ਤੋਂ ਵੱਧ 16 ਕਰਨਾਲ ਤੋਂ ਅਤੇ 14 ਕੈਥਲ ਤੋਂ ਹਨ। ਇਨ੍ਹਾਂ ਤੋਂ ਇਲਾਵਾ ਅੰਬਾਲਾ ਤੋਂ ਪੰਜ, ਕੁਰੂਕਸ਼ੇਤਰ ਅਤੇ ਯਮੁਨਾਨਗਰ ਤੋਂ ਚਾਰ-ਚਾਰ ਅਤੇ ਜੀਂਦ ਤੋਂ ਤਿੰਨ ਨੌਜੁਆਨਾਂ ਨੂੰ ਵੀ ਭਾਰਤ ਭੇਜਿਆ ਗਿਆ ਹੈ। ਇਹ ਸਾਰੇ ‘ਡੰਕੀ’ ਰਸਤੇ ਰਾਹੀਂ ਅਮਰੀਕਾ ਚਲੇ ਗਏ ਸਨ। ਕੈਥਲ ਦੀ ਪੁਲਿਸ ਲਾਈਨ ਵਿਚ ਨੌਜੁਆਨਾਂ ਤੋਂ ਪੁੱਛ-ਪੜਤਾਲ ਕਰ ਕੇ ਕਾਗਜ਼ੀ ਕਾਰਵਾਈ ਪੂਰੀ ਕੀਤੀ ਗਈ ਸੀ। ਇਸ ਤੋਂ ਬਾਅਦ 13 ਨੌਜੁਆਨਾਂ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਸਮੇਤ ਭੇਜਿਆ ਗਿਆ। ਪੁਲਿਸ ਨੂੰ ਅਜੇ ਤੱਕ ਕਿਸੇ ਏਜੰਟ ਬਾਰੇ ਕੋਈ ਸ਼ਿਕਾਇਤ ਨਹੀਂ ਮਿਲੀ ਹੈ। ਹਾਲਾਂਕਿ, ਪੁਲਿਸ ਦਾ ਕਹਿਣਾ ਹੈ ਕਿ ਜਾਂਚ ਜਾਰੀ ਰਹੇਗੀ।



# ਕੈਨੇਡਾ ਵੱਲੋਂ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਦਿੱਲੀ ਦਾ ਜਹਾਜ਼ ਚੜ੍ਹਾਉਣ ਦੀ ਤਿਆਰੀ

**ਵਿਨੀਪੈੱਗ।** ਕੈਨੇਡਾ ਵਿਚ ਗ਼ੈਰਕਨੂੰਨੀ ਤੌਰ ’ਤੇ ਮੌਜੂਦ 32 ਹਜ਼ਾਰ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ, ਪਰ ਬਦਕਿਸਮਤੀ ਨਾਲ ਬਾਰਡਰ ਸਰਵਿਸਿਜ਼ ਵਾਲੇ ਇਨ੍ਹਾਂ ਦੀ ਪੈੜ ਨੱਪਣ ਵਿਚ ਹੁਣ ਤੱਕ ਕਾਮਯਾਬ ਨਹੀਂ ਹੋ ਸਕੀ ਹੈ। ਗ਼ੈਰਕਨੂੰਨੀ ਪਰਵਾਸੀਆਂ ਦਾ ਮੁੱਦਾ ਹਾਊਸ ਆਫ਼ ਕਾਮਨਜ਼ ਦੀ ਲੋਕ ਸੁਰੱਖਿਆ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਦੌਰਾਨ ਉੱਠਿਆ ਅਤੇ ਕੰਜ਼ਰਵੇਟਿਵ ਪਾਰਟੀ ਦੇ ਮੈਂਬਰਾਂ ਨੇ ਗੈਰੀ ਆਨੰਦਸੰਗਰੀ ਉੱਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ। ਟੋਰੀ ਐੱਮਪੀ ਫਰੈਂਕ ਕੈਪੁਟੋ ਨੇ ਡਿਪੋਰਟੇਸ਼ਨ ਲਿਸਟ ਵਿਚ ਸ਼ਾਮਲ ਪਰਵਾਸੀਆਂ ਦੀ ਗਿਣਤੀ ਬਾਰੇ ਪੁੱਛਿਆ ਤਾਂ ਲੋਕ ਸੁਰੱਖਿਆ ਮੰਤਰੀ ਨੇ ਜਵਾਬ ਦੇਣ ਤੋਂ ਨਾਂਹ ਕਰ ਦਿੱਤੀ। ਪਰ ਬਾਅਦ ਵਿਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਮੁਖੀ ਐਰਿਨ ਓ ਗੌਰਮਨ ਨੇ ਸਾਫ਼ ਤੌਰ ’ਤੇ ਮੰਨਿਆ ਕਿ 32 ਹਜ਼ਾਰ ਗ਼ੈਰਕਨੂੰਨੀ ਪਰਵਾਸੀ ਫ਼ਰਾਰ ਹਨ, ਜਿਨ੍ਹਾਂ ਨੂੰ ਡਿਪੋਰਟ ਕੀਤਾ ਜਾਣਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਅੰਕੜਾ ਘੱਟ—ਵੱਧ ਹੋ ਸਕਦਾ ਹੈ। ਕੈਨੇਡਾ—ਅਮਰੀਕਾ ਬਾਰਡਰ ਰਾਹੀਂ ਹੋਣ ਵਾਲੇ ਨਾਜਾਇਜ਼ ਪਰਵਾਸ ਦਾ ਜ਼ਿਕਰ ਕਰਦਿਆਂ ਗੈਰੀ ਆਨੰਦਸੰਗਰੀ ਨੇ ਕਿਹਾ ਕਿ ਇਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ 99 ਫ਼ੀਸਦੀ ਕਮੀ ਆਈ ਹੈ ਅਤੇ ਗ਼ੈਰਕਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਲਈ ਸੀਬੀਐੱਸਏ ਨੂੰ 55 ਮਿਲੀਅਨ ਡਾਲਰ ਦੇ ਵਾਧੂ ਫ਼ੰਡ ਮੁਹੱਈਆ ਕਰਵਾਏ ਜਾ ਰਹੇ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਰਸਤੇ ਨਾਜਾਇਜ਼ ਤਰੀਕੇ ਨਾਲ ਕੈਨੇਡਾ ਦਾਖਲ ਹੋਣ ਵਾਲਿਆਂ ਦੀਆਂ ਅਸਾਇਲਮ ਅਰਜ਼ੀਆਂ ਵੀ ਸਿੱਧੇ ਤੌਰ ’ਤੇ ਰੱਦ ਕਰ ਦਿੱਤੀਆਂ ਜਾਣਗੀਆਂ। ਪਾਰਲੀਮਾਨੀ ਕਮੇਟੀ ਦੀ ਬੈਠਕ ਦੌਰਾਨ ਗੈਰੀ ਆਨੰਦਸੰਗਰੀ ਨੇ ਇਹ ਵੀ ਦੱਸਿਆ ਕਿ ਭਾਵੇਂ ਬਜਟ ਸਮੀਖਿਆ ਦੌਰਾਨ ਆਰਸੀਐੱਮਪੀ ਅਤੇ ਸੀਬੀਐੱਸਏ ਨੂੰ ਮਿਲਣ ਵਾਲੇ ਫੰਡਾ ਵਿੱਚ 2 ਫ਼ੀਸਦੀ ਕਟੌਤੀ ਕੀਤੀ ਗਈ ਪਰ ਦੋਹਾਂ ਲਾਅ ਐਨਫੋਰਸਮੈਂਟ ਏਜੰਸੀਆਂ ਨੂੰ 1000—1000 ਵਾਧੂ ਅਫ਼ਸਰ ਵੀ ਮਿਲ ਰਹੇ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਦਿੱਤੇ ਗਏ ਅੰਕੜਿਆਂ ਮੁਤਾ-ਬਕ ਕੈਨੇਡਾ ਨੇ ਜਿਨ੍ਹਾਂ 398 ਸ਼ਰਨਾਰਥੀ ਦਾਅਵੇਦਾਰਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ, ਉਨ੍ਹਾਂ ਵਿਚੋਂ 146 ਨੂੰ ਅਮਰੀਕਾ ਵਾਪਸ ਭੇਜ ਦਿੱਤਾ ਗਿਆ ਹੈ, ਜਿੱਥੇ 116 ਦੀ ਨਾਗਰਿਕਤਾ ਹੈ। ਬਾਕੀਆਂ ਨੂੰ 53 ਦੇਸ਼ਾਂ ਵਿੱਚ ਭੇਜ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਹੈਤੀ (53), ਕੋਲੰਬੀਆ (24), ਤੁਰਕੀ (19) ਜਾਂ ਇਰਾਕ (15) ਭੇਜਿਆ ਗਿਆ ਸੀ। ਇਸ ਡਿਪੋਰਟੇਸ਼ਨ ਲਿਸਟ ਵਿਚ ਸਭ ਵੱਧ ਗਿਣਤੀ ਭਾਰਤੀ ਨਾਗਰਿਕਾਂ ਦੀ ਹੈ ਅਤੇ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਦਿੱਲੀ ਦਾ ਜਹਾਜ਼ ਚੜ੍ਹਾਉਣ ਦੇ ਯਤਨ ਕੀਤੇ ਜਾ ਰਹੇ ਹਨ। ਐਨਾ ਹੀ ਨਹੀਂ ਮੌਜੂਦਾ ਵਰ੍ਹੇ ਦੌਰਾਨ 2 ਹਜ਼ਾਰ ਤੋਂ ਵੱਧ ਭਾਰਤੀ ਡਿਪੋਰਟ ਕੀਤੇ ਜਾ ਚੁੱਕੇ ਹਨ ਅਤੇ ਸਾਲ ਦੇ ਅੰਤ ਤੱਕ ਅੰਕੜਾ ਹੋਰ ਵਧ ਸਕਦਾ ਹੈ।

# ਅਮਰੀਕਾ ’ਚ ਗੁਰਦਾਸਪੁਰ ਦੇ ਨੌਜਵਾਨ ਦੀ ਸ਼ਮੂਲੀਅਤ ਵਾਲੇ ਟਰੱਕ ਹਾਦਸੇ ਦੀ ਨਿਰਪੱਖ ਜਾਂਚ ਹੋਵੇ: ਸੁਖਬੀਰ ਬਾਦਲ

**ਲੰਬੀ।** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਮਰੀਕਾ ’ਚ ਟਰੱਕ ਹਾਦਸੇ ’ਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਜਸ਼ਨਪ੍ਰੀਤ ਸਿੰਘ ਦੇ ਮਾਮਲੇ ਨਿਰਪੱਖ ਜਾਂਚ ਦੀ ਵਕਾਲਤ ਕੀਤੀ ਹੈ।ਅਮਰੀਕਾ ਦੇ ਸੈਨ ਬਰਨਾਰਡੀਨੋ ਕਾਊਂਟੀ ਵਿੱਚ ਸੜਕ ਹਾਦਸੇ ’ਚ ਗਲਤ ਦੋਸ਼ਾਂ ਵਿਚ ਘਿਰੇ ਦੀਨਾਨਗਰ ਦੇ ਪਿੰਡ ਪੁਰਾਣਾ ਸ਼ਾਲਾ ਦੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਜਸ਼ਨਪ੍ਰੀਤ ਸਿੰਘ (21) ਲਈ ਇਨਸਾਫ਼ ਦੀ ਮੰਗ ਕਰਦਿਆਂ ਉਸ ਦੇ ਪਰਿਵਾਰ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਇਸ ਮਾਮਲੇ ਸਬੰਧੀ ਸ੍ਰੀ ਬਾਦਲ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਭਾਰਤ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਜਸ਼ਨਪ੍ਰੀਤ ਸਿੰਘ ਦੇ ਅਧਿਕਾਰਾਂ ਦੀ ਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ।



ਪਰਿਵਾਰ ਵੱਲੋਂ ਅੱਜ ਪਿੰਡ ਬਾਦਲ ਵਿਖੇ ਮੁਲਾਕਾਤ ਦੌਰਾਨ ਅਕਾਲੀ ਦਲ ਦੇ ਹਲਕਾ ਇੰਚਾਰਜ ਕਮਲਜੀਤ ਸਿੰਘ ਚਾਵਲਾ ਵੀ ਮੌਜੂਦ ਸਨ। ਪਰਿਵਾਰ ਨੇ ਪਿੰਡ ਬਾਦਲ ਰਿਹਾਇਸ਼ੀ 'ਤੇ ਮੁਲਾਕਾਤ ਮੌਕੇ ਸ੍ਰੀ ਬਾਦਲ ਨੂੰ ਦੱਸਿਆ ਕਿ ਜਸ਼ਨਪ੍ਰੀਤ ਇੱਕ ਮਿਹਨਤੀ, ਸੰਜੀਦਾ ਅਤੇ ਧਾਰਮਿਕ ਨੌਜਵਾਨ ਹੈ, ਜਿਸ ਉੱਤੇ ਨਸ਼ੇ ਦੇ ਅਸਰ ਹੇਠ ਹੋਣ ਦਾ ਦੋਸ਼ ਬਿਲਕੁਲ ਗਲਤ ਹੈ। ਉਨ੍ਹਾਂ ਦੱਸਿਆ ਕਿ ਟੌਕਸੀਕੋਲੋਜੀ ਰਿਪੋਰਟਾਂ ਗਲਤ ਤਰੀਕੇ ਨਾਲ ਤਿਆਰ ਕੀਤੀਆਂ ਗਈਆਂ ਹਨ ਅਤੇ ਇਸ ਦੀ ਦੁਬਾਰਾ ਜਾਂਚ ਜ਼ਰੂਰੀ ਹੈ। ਬਾਦਲ ਨੇ ਇਸ ਹਾਦਸੇ ’ਚ ਮੌਤਾਂ ’ਤੇ ਦੁੱਖ ਦਾ ਇਜ਼ਹਾਰ ਕਰਦਿਆਂ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਅਮਰੀਕੀ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਪੂਰੇ ਮਾਮਲੇ ਦੀ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਜਾਂਚ ਹੋਵੇ। ਸਾਬਕਾ ਉਪ ਮੁੱਖ ਮੰਤਰੀ ਨੇ ਜਸ਼ਨਪ੍ਰੀਤ ਸਿੰਘ ਦੀਆਂ ਅਮਰੀਕੀ ਅਦਾਲਤ ਵਿਚ ਬਿਨਾਂ ਦਸਤਾਰ ਵਾਲੀਆਂ ਤਸਵੀਰਾਂ ਸਾਹਮਣੇ ਆਉਣ ਨੂੰ ਬਹੁਤ ਹੀ ਦੁਖਦਾਈ ਅਤੇ ਸਿੱਖ ਪਹਿਚਾਣ ਦੀ ਉਲੰਘਣਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਰਹਿੰਦਾ ਹਰ ਸਿੱਖ ਨੌਜਵਾਨ ਆਪਣੀ ਪਹਿਚਾਣ ਨਾਲ ਜੁੜੀ ਮਰਿਆਦਾ ਦਾ ਸਤਿਕਾਰ ਦਾ ਪੂਰਾ ਹੱਕਦਾਰ ਹੈ।

# ਝਾਰਖੰਡ : ਥੈਲੇਸੀਮੀਆ ਪ੍ਰਭਾਵਤ ਪੰਜ ਬੱਚੇ ਹੋਏ ਐਚ.ਆਈ.ਵੀ. ਪਾਜ਼ੇਟਿਵ

**ਰਾਂਚੀ ।** ਝਾਰਖੰਡ ਦੇ ਪਛਮੀ ਸਿੰਘਭੂਮ ਜ਼ਿਲ੍ਹੇ ਥੈਲੇਸੀਮੀਆ ਬਿਮਾਰੀ ਨਾਲ ਪੀੜਤ ਪੰਜ ਬੱਚੇ ਐਚ.ਆਈ.ਵੀ. ਪਾਜ਼ੇਟਿਵ ਪਾਏ ਜਾਣ ਤੋਂ ਬਾਅਦ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਐਤਵਾਰ ਨੂੰ ਜ਼ਿਲ੍ਹੇ ਦੇ ਸਿਵਲ ਸਰਜਨ ਅਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਮੁਅੱਤਲ ਕਰਨ ਦੇ ਹੁਕਮ ਦਿਤੇ ਹਨ। ਪਛਮੀ ਸਿੰਘਭੂਮ ਦੇ ਜ਼ਿਲ੍ਹਾ ਹੈੱਡਕੁਆਰਟਰ ਕਸਬੇ ਚਾਈਬਾਸਾ ਦੇ ਸਥਾਨਕ ਬਲੱਡ ਬੈਂਕ ’ਚ ਐਚ.ਆਈ.ਵੀ. ਸੰਕਰਮਿਤ ਖ਼ੂਨ ਚੜ੍ਹਾਉਣ ਦਾ ਦੋਸ਼ ਲਾਉਣ ਤੋਂ ਇਕ ਦਿਨ ਬਾਅਦ ਰਾਂਚੀ ਦੀ ਪੰਜ ਮੈਂਬਰੀ ਮੈਡੀਕਲ ਟੀਮ ਨੇ ਐਤਵਾਰ ਨੂੰ ਜਾਂਚ ਦੌਰਾਨ ਚਾਰ ਹੋਰ ਬੱਚੇ ਐਚ.ਆਈ.ਵੀ. ਪਾਜ਼ੇਟਿਵ ਪਾਏ ਹਨ। ਚਾਈਬਾਸਾ ’ਚ ਥੈਲੇਸੀਮੀਆ ਤੋਂ ਪੀੜਤ ਬੱਚਿਆਂ ’ਚ ਐਚ.ਆਈ.ਵੀ. ਸੰਕਰਮਿਤ ਖ਼ੂਨ ਚੜ੍ਹਾਉਣ ਦੀਆਂ ਰੀਪੋਰਟਾਂ ਤੋਂ ਬਾਅਦ ਪਛਮੀ ਸਿੰਘਭੂਮ ਦੇ ਸਿਵਲ ਸਰਜਨ ਸਮੇਤ ਹੋਰ ਸਬੰਧਤ ਅਧਿਕਾਰੀਆਂ ਨੂੰ ਮੁਅੱਤਲ ਕਰਨ




ਦੇ ਹੁਕਮ ਦਿਤੇ ਗਏ ਹਨ। ਸੂਬਾ ਸਰਕਾਰ ਪ੍ਰਭਾਵਤ ਬੱਚਿਆਂ ਦੇ ਪਰਵਾਰਾਂ ਨੂੰ 2-2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਵੇਗੀ ਅਤੇ ਸੰਕਰਮਿਤ ਬੱਚਿਆਂ ਦੇ ਇਲਾਜ ਦਾ ਪੂਰਾ ਖਰਚਾ ਸਹਿਣ ਕਰੇਗੀ। ਸੱਤ ਸਾਲ ਦੇ ਬੱਚੇ ਦੇ ਪਰਵਾਰ ਦੇ ਦੋਸ਼ਾਂ ਤੋਂ ਬਾਅਦ ਸੂਬਾ ਸਰਕਾਰ ਨੇ ਇਹ ਪਤਾ ਲਗਾਉਣ ਲਈ ਇਕ ਮੈਡੀਕਲ ਟੀਮ ਦਾ ਗਠਨ ਕੀਤਾ ਕਿ ਬੱਚੇ ਨੂੰ ਦੂਸ਼ਿਤ ਖ਼ੂਨ ਕਿਵੇਂ ਮਿਲਿਆ। ਅਧਿਕਾਰੀਆਂ ਨੇ ਦਸਿਆ ਕਿ ਜਦੋਂ ਤੋਂ ਬੱਚੇ ਨੇ ਬਲੱਡ ਬੈਂਕ ’ਚ ਜਾਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਕਰੀਬ 25 ਯੂਨਿਟ ਖ਼ੂਨ ਚੜ੍ਹਾਇਆ ਗਿਆ ਹੈ। ਹਾਲਾਂਕਿ ਜ਼ਿਲ੍ਹਾ ਸਿਵਲ ਸਰਜਨ ਡਾ. ਸੁਸ਼ਾਂਤੋ ਮਾਝੀ ਨੇ ਕਿਹਾ ਸੀ ਕਿ ਬੱਚੇ ਦਾ ਇਕ ਹਫ਼ਤਾ ਪਹਿਲਾਂ ਐਚ.ਆਈ.ਵੀ. ਪਾਜ਼ੇਟਿਵ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਐਚ.ਆਈ.ਵੀ. ਦੀ ਲਾਗ ਦੂਸ਼ਿਤ ਸੂਈਆਂ ਦੇ ਸੰਪਰਕ ਸਮੇਤ ਹੋਰ ਕਾਰਕਾਂ ਕਰਕੇ ਵੀ ਹੋ ਸਕਦੀ ਹੈ। ਡਾਇਰੈਕਟਰ (ਸਿਹਤ ਸੇਵਾਵਾਂ) ਡਾ. ਦਿਨੇਸ਼ ਕੁਮਾਰ ਦੀ ਅਗਵਾਈ ਵਾਲੀ ਪੰਜ ਮੈਂਬਰੀ ਟੀਮ ਨੇ ਸਦਰ ਹਸਪਤਾਲ ਦੇ ਬਲੱਡ ਬੈਂਕ ਅਤੇ ਬੱਚਿਆਂ ਦੀ ਇੰਟੈਂਸਿਵ ਕੇਅਰ ਯੂਨਿਟ ਵਾਰਡ ਦਾ ਨਿਰੀਖਣ ਕੀਤਾ ਅਤੇ ਇਲਾਜ ਕਰਵਾ ਰਹੇ ਬੱਚਿਆਂ ਦੇ ਵੇਰਵੇ ਇਕੱਠੇ ਕੀਤੇ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲਗਦਾ ਹੈ ਕਿ ਥੈਲੇਸੀਮੀਆ ਦੇ ਮਰੀਜ਼ ਨੂੰ ਦੂਸ਼ਿਤ ਖ਼ੂਨ ਦਿਤਾ ਗਿਆ ਸੀ। ਜਾਂਚ ਦੌਰਾਨ ਬਲੱਡ ਬੈਂਕ ’ਚ ਕੁੱਝ ਅੰਤਰ ਪਾਏ ਗਏ ਸਨ ਅਤੇ ਸਬੰਧਤ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਸੁਲਝਾਉਣ ਦੇ ਹੁਕਮ ਦਿਤੇ ਗਏ ਹਨ। ਇਸ ਸਮੇਂ ਪਛਮੀ ਸਿੰਘਭੂਮ ਜ਼ਿਲ੍ਹੇ ਵਿਚ 515 ਐਚ.ਆਈ.ਵੀ. ਪਾਜ਼ੇਟਿਵ ਕੇਸ ਅਤੇ 56 ਥੈਲੇਸੀਮੀਆ ਦੇ ਮਰੀਜ਼ ਹਨ।

# ਦਿੱਲੀ ਏਅਰਪੋਰਟ ’ਤੇ ਭਾਰਤੀ ਨੂੰ 170 ਗ੍ਰਾਮ ਸੋਨੇ ਸਮੇਤ ਕੀਤਾ ਗਿਆ ਗ੍ਰਿਫ਼ਤਾਰ

**ਨਵੀਂ ਦਿੱਲੀ ।** ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ ’ਤੇ ਦਿੱਲੀ ਕਸਟਮਜ਼ ਨੇ ਇਕ ਯਾਤਰੀ ਨੂੰ 170 ਗ੍ਰਾਮ ਸੋਨੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਸੋਨਾ ਦੁਬਈ ਤੋਂ ਫਲਾਈਟ ਏਆਈ-996 ’ਤੇ ਭਾਰਤ ਆਏ ਯਾਤਰੀ ਕੋਲੋਂ ਬਰਾਮਦ ਕੀਤਾ ਗਿਆ। ਯਾਤਰੀ ਦਾ ਸਾਵਧਾਨੀ ਨਾਲ ਫਲਾਈਟ ਗੇਟ ਤੱਕ ਪਿੱਛਾ ਕੀਤਾ ਗਿਆ ਅਤੇ ਯਾਤਰੀ ਨੂੰ ਗਰੀਨ ਚੈਨਲ ਰਾਹੀਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਸਮੇਂ ਉਸ ਨੂੰ ਰੋਕਿਆ ਗਿਆ। ਉਸ ਦੇ ਸਮਾਨ ਦੀ ਐਕਸ ਰੇਅ ਜਾਂਚ ਦੌਰਾਨ ਅਧਿਕਾਰੀਆਂ ਨੂੰ ਕੁੱਝ ਸ਼ੱਕੀ ਤਸਵੀਰਾਂ ਮਿਲੀਆਂ। ਬਰੀਕੀ ਨਾਲ ਕੀਤੀ ਗਈ ਜਾਂਚ ਦੌਰਾਨ ਪਲਾਸਟਿਕ ਦੀ ਬੋਤਲ ਦੇ ਢੱਕਣ ਹੇਠ ਇਕ ਸੋਨੇ ਦੀ ਗੇਂਦ ਨੂੰ ਚਲਾਕੀ ਨਾਲ ਲੁਕਾਇਆ ਗਿਆ ਸੀ। ਬਰਾਮਦ ਕੀਤੇ ਗਏ ਸੋਨੇ ਦਾ ਭਾਰ 170 ਗ੍ਰਾਮ ਸੀ, ਜਿਸ ਨੂੰ ਕਸਟਮ ਐਕਟ1962




ਦੀਆਂ ਧਾਰਵਾਂ ਤਹਿਤ ਜਬਤ ਕਰ ਲਿਆ ਗਿਆ।

# ਮੁਅੱਤਲ ਧੀਘ ਭੁੱਲਰ ਦੇ ਵਿਦੇਸ਼ੀ ਸਬੰਧ ਆਏ ਸਾਹਮਣੇ, ਦੁਬਈ ਵਿੱਚ 2 ਅਤੇ ਕੈਨੇਡਾ ਵਿੱਚ 3 ਫਲੈਟ ਮਿਲੇ

## CBI ਨੂੰ ਲੁਧਿਆਣਾ 'ਚ 20 ਦੁਕਾਨਾਂ ਵੀ ਮਿਲੀਆਂ, ਡਿਊਟੀ ਦੌਰਾਨ ਲਗਭਗ 10 ਵਾਰ ਦੁਬਈ ਦੀ ਕੀਤੀ ਯਾਤਰਾ

**ਚੰਡੀਗੜ੍ਹ।** ਰਿਸ਼ਵਤਖੋਰੀ ਮਾਮਲੇ ਵਿੱਚ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੇ ਵਿਦੇਸ਼ੀ ਸਬੰਧਾਂ ਨਾਲ ਜੁੜੇ ਹੋਣ ਦਾ ਖੁਲਾਸਾ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਭੁੱਲਰ ਡਿਊਟੀ ਦੌਰਾਨ ਲਗਭਗ 10 ਵਾਰ ਦੁਬਈ ਗਿਆ ਸੀ। ਸੀਬੀਆਈ ਨੇ ਭੁੱਲਰ ਦਾ ਪਾਸਪੋਰਟ ਜ਼ਬਤ ਕਰ ਲਿਆ ਹੈ ਅਤੇ ਇਸ ਦੀ ਵਰਤੋਂ ਉਸ ਦੀਆਂ ਵਿਦੇਸ਼ੀ ਯਾਤਰਾਵਾਂ ਦੇ ਵੇਰਵੇ ਇਕੱਠੇ ਕਰਨ ਲਈ ਕੀਤੀ ਜਾ ਰਹੀ ਹੈ। ਸੀਬੀਆਈ ਦੇ ਅਧਿਕਾਰਤ ਸੂਤਰਾਂ ਅਨੁਸਾਰ, ਭੁੱਲਰ ਦੀ ਹੁਣ ਤੱਕ ਦੁਬਈ ਵਿੱਚ ਦੋ ਅਤੇ ਕੈਨੇਡਾ ਵਿੱਚ ਤਿੰਨ ਫਲੈਟ ਹੋਣ ਦੀ ਪਛਾਣ ਕੀਤੀ ਗਈ ਹੈ। ਸੀਬੀਆਈ ਨੇ ਲੁਧਿਆਣਾ ਵਿਚ ਲਗਭਗ 55 ਏਕੜ ਜ਼ਮੀਨ ਅਤੇ ਮਾਛੀਵਾੜਾ ਖੇਤਰ ਵਿੱਚ 20 ਦੁਕਾਨਾਂ ਬਾਰੇ ਵੀ ਜਾਣਕਾਰੀ



ਪ੍ਰਾਪਤ ਕੀਤੀ ਹੈ। ਸੀਬੀਆਈ ਨੂੰ ਸ਼ੱਕ ਹੈ ਕਿ ਭੁੱਲਰ ਨੇ ਆਪਣੀ ਤਾਇਨਾਤੀ ਦੌਰਾਨ ਵਿਦੇਸ਼ਾਂ ਵਿੱਚ ਵੀ ਜਾਇਦਾਦ ਬਣਾਈ ਸੀ। ਸੀਬੀਆਈ ਸੂਤਰਾਂ ਦਾ ਕਹਿਣਾ ਹੈ ਕਿ ਏਜੰਸੀ ਹੁਣ ਇਨ੍ਹਾਂ ਸਾਰੀਆਂ ਜਾਇਦਾਦਾਂ ਦੇ ਸਰੋਤ ਦੀ ਜਾਂਚ ਕਰ ਰਹੀ ਹੈ ਅਤੇ ਕੀ ਇਹ ਕਿਸੇ ਹੋਰ ਦੇ ਨਾਮ 'ਤੇ ਖ਼ਰੀਦੀਆਂ ਗਈਆਂ ਸਨ। ਆਉਣ ਵਾਲੇ ਦਿਨਾਂ ਵਿੱਚ ਭੁੱਲਰ ਦੀਆਂ ਜਾਇਦਾਦਾਂ ਬਾਰੇ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# CBI ਨੇ ਕਰੂਰ ਭਗਦੜ ਦੀ ਜਾਂਚ ਆਪਣੇ ਹੱਥਾਂ ’ਚ ਲਈ




**ਨਵੀਂ ਦਿੱਲੀ।** ਸੀਬੀਆਈ ਨੇ ਕਰੂਰ ਭਗਦੜ ਦੀ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਹੈ, ਜਿਸ ਵਿੱਚ ਅਦਾਕਾਰ-ਰਾਜਨੇਤਾ ਵਿਜੇ ਦੀ ਤਮਿਲਗਾ ਵੇਤਰੀ ਕਜ਼ਾਗਮ (ਟੀਵੀਕੇ) ਦੀ ਇੱਕ ਰਾਜਨੀਤਿਕ ਰੈਲੀ ਦੌਰਾਨ 41 ਲੋਕ ਮਾਰੇ ਗਏ ਸਨ, ਅਧਿਕਾਰੀਆਂ ਨੇ ਐਤਵਾਰ ਨੂੰ ਕਿਹਾ। 27 ਸਤੰਬਰ ਨੂੰ ਵਿਜੇ ਦੁਆਰਾ ਸੰਬੋਧਿਤ ਟੀਵੀਕੇ ਦੀ ਮੀਟਿੰਗ ਵਿੱਚ ਹੋਈ ਭਗਦੜ ਵਿੱਚ 41 ਲੋਕਾਂ ਦੀ ਮੌਤ ਹੋ ਗਈ ਸੀ ਅਤੇ 60 ਤੋਂ ਵੱਧ ਜ਼ਖਮੀ ਹੋ ਗਏ ਸਨ। ਸੁਪਰੀਮ ਕੋਰਟ ਨੇ ਕਿਹਾ ਕਿ ਭਗਦੜ ਨੇ ਦੇਸ਼ ਭਰ ਦੇ ਨਾਗਰਿਕਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਹੈ। ਅਦਾਲਤ ਨੇ ਸਵੀਕਾਰ ਕੀਤਾ ਕਿ ਇਸ ਘਟਨਾ ਦੇ ਵਿਆਪਕ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਭਾਵ ਸਨ, ਖਾਸ ਕਰਕੇ ਉਨ੍ਹਾਂ ਪਰਿਵਾਰਾਂ ਲਈ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਸੀ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਇੱਕ ਨਿਰਪੱਖ ਅਤੇ ਸੁਤੰਤਰ ਜਾਂਚ ਨਾਗਰਿਕਾਂ ਦਾ ਬੁਨਿਆਦੀ ਅਧਿਕਾਰ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਭਾਰਤ ਦੇ ਲਗਭਗ 8 ਹਜ਼ਾਰ ਸਕੂਲਾਂ 'ਚ ਕੋਈ ਬੱਚਾ ਦਾਖ਼ਲ ਨਹੀਂ: ਮੰਤਰਾਲੇ ਦੇ ਅੰਕੜੇ

**ਨਵੀਂ ਦਿੱਲੀ।** ਅਧਿਕਾਰਤ ਅੰਕੜਿਆਂ ਮੁਤਾਬਕ 2024-25 ਦੇ ਅਕਾਦਮਿਕ ਸੈਸ਼ਨ ਦੌਰਾਨ ਦੇਸ਼ ਭਰ ਦੇ ਲਗਭਗ 8,000 ਸਕੂਲਾਂ 'ਚ ਦਾਖਲਾ ਸਿਫ਼ਰ ਸੀ, ਜਿਸ 'ਚ ਪਛਮੀ ਬੰਗਾਲ 'ਚ ਸੱਭ ਤੋਂ ਵੱਧ ਅਜਿਹੇ ਸਕੂਲ ਸਨ, ਇਸ ਤੋਂ ਬਾਅਦ ਤੇਲੰਗਾਨਾ ਦਾ ਨੰਬਰ ਆਉਂਦਾ ਹੈ। ਇਨ੍ਹਾਂ ਸਕੂਲਾਂ ਵਿਚ ਕੁਲ 20,817 ਅਧਿਆਪਕ ਕੰਮ ਕਰ ਰਹੇ ਸਨ। ਪਛਮੀ ਬੰਗਾਲ 'ਚ 17,965 ਅਜਿਹੇ ਅਧਿਆਪਕ ਹਨ। ਸੂਬੇ ਵਿਚ ਸੱਭ ਤੋਂ ਵੱਧ (3,812) ਸਕੂਲ ਬਿਨਾਂ ਦਾਖਲੇ ਤੋਂ ਹਨ। ਸਿੱਖਿਆ ਮੰਤਰਾਲੇ ਦੇ ਅੰਕੜਿਆਂ ਅਨੁਸਾਰ 7993 ਸਕੂਲਾਂ ਵਿਚ ਦਾਖਲਾ ਸਿਫ਼ਰ ਸੀ, ਜੋ ਕਿ ਪਿਛਲੇ ਸਾਲ ਦੀ ਗਿਣਤੀ 12,954 ਤੋਂ 5,000 ਤੋਂ ਵੱਧ ਘੱਟ ਹੈ। ਇਸ ਦੌਰਾਨ ਹਰਿਆਣਾ, ਮਹਾਰਾਸ਼ਟਰ, ਗੋਆ, ਅਸਾਮ, ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ, ਨਾਗਾਲੈਂਡ, ਸਿੱਕਮ ਅਤੇ ਤ੍ਰਿਪੁਰਾ ਵਿਚ ਅਜਿਹਾ ਕੋਈ ਸਕੂਲ ਨਹੀਂ ਸੀ। ਇਕ ਸੀਨੀਅਰ ਅਧਿਕਾਰੀ ਨੇ ਕਿਹਾ, ''ਸਕੂਲ ਸਿੱਖਿਆ ਰਾਜ ਦਾ ਵਿਸ਼ਾ ਹੈ, ਸੂਬਿਆਂ ਨੂੰ ਸਕੂਲਾਂ ਵਿਚ ਸਿਫ਼ਰ ਦਾਖਲੇ ਦੇ ਮੁੱਦੇ ਨੂੰ ਹੱਲ ਕਰਨ ਦੀ ਸਲਾਹ ਦਿਤੀ ਗਈ ਹੈ। ਕੁੱਝ ਸੂਬਿਆਂ ਨੇ ਬੁਨਿਆਦੀ ਢਾਂਚੇ ਅਤੇ ਸਟਾਫ ਵਰਗੇ ਸਰੋਤਾਂ ਦੀ ਬਿਹਤਰੀਨ ਵਰਤੋਂ ਲਈ ਕੁੱਝ ਸਕੂਲਾਂ ਨੂੰ ਮਿਲਾ ਦਿਤਾ ਹੈ।'' ਅੰਕੜਿਆਂ ਮੁਤਾਬਕ ਪੁਡੂਚੇਰੀ, ਲਕਸ਼ਦੀਪ, ਦਾਦਰਾ ਅਤੇ ਨਗਰ ਹਵੇਲੀ, ਅੰਡੇਮਾਨ ਅਤੇ ਨਿਕੋਬਾਰ ਟਾਪੂ,



ਦਮਨ ਅਤੇ ਦੀਵ ਅਤੇ ਚੰਡੀਗੜ੍ਹ ਦੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੀ ਸਿਫ਼ਰ ਦਾਖਲੇ ਵਾਲਾ ਕੋਈ ਸਕੂਲ ਨਹੀਂ ਸੀ। ਦਿੱਲੀ ਵਿਚ ਵੀ ਸਿਫ਼ਰ ਦਾਖਲੇ ਵਾਲਾ ਕੋਈ ਸਕੂਲ ਨਹੀਂ ਸੀ। ਤੇਲੰਗਾਨਾ (2,245) ਸਿਫ਼ਰ ਦਾਖ਼ਲੇ ਵਾਲੇ ਸਕੂਲਾਂ ਦੇ ਮਾਮਲੇ ਵਿਚ ਦੂਜੇ ਨੰਬਰ ਉਤੇ ਹੈ। 463 ਅਜਿਹੇ ਸਕੂਲਾਂ ਨਾਲ ਮੱਧ ਪ੍ਰਦੇਸ਼ ਤੀਜੇ ਨੰਬਰ ਉਤੇ ਹੈ। ਤੇਲੰਗਾਨਾ ਦੇ ਇਨ੍ਹਾਂ ਸਕੂਲਾਂ ਵਿਚ 1,016 ਅਧਿਆਪਕ ਕੰਮ ਕਰਦੇ ਸਨ, ਮੱਧ ਪ੍ਰਦੇਸ਼ ਵਿਚ 223 ਅਧਿਆਪਕ ਕੰਮ ਕਰਦੇ ਸਨ। ਉੱਤਰ ਪ੍ਰਦੇਸ਼ ਵਿਚ ਅਜਿਹੇ 81 ਸਕੂਲ ਸਨ। ਉੱਤਰ ਪ੍ਰਦੇਸ਼ ਮਾਧਿਅਮਿਕ ਸਿੱਖਿਆ ਪ੍ਰੀਸ਼ਦ (ਯੂ.ਪੀ. ਬੋਰਡ) ਨੇ ਐਲਾਨ ਕੀਤਾ ਸੀ ਕਿ ਉਹ ਪੂਰੇ ਸੂਬੇ ਦੇ ਅਪਣੇ ਮਾਨਤਾ ਪ੍ਰਾਪਤ ਸਕੂਲਾਂ ਦੀ ਮਾਨਤਾ ਰੱਦ ਕਰਨ ਦੀ ਤਿਆਰੀ ਕਰ ਰਹੀ ਹੈ, ਜਿਨ੍ਹਾਂ ਨੇ ਪਿਛਲੇ ਤਿੰਨ ਅਕਾਦਮਿਕ ਸਾਲਾਂ ਤੋਂ ਲਗਾਤਾਰ ਕੋਈ ਵਿਦਿਆਰਥੀ ਦਾਖਲਾ ਦਰਜ ਕੀਤਾ ਹੈ। ਦੇਸ਼ ਭਰ ਵਿਚ 33 ਲੱਖ ਤੋਂ ਵੱਧ ਵਿਦਿਆਰਥੀ 1 ਲੱਖ ਤੋਂ ਵੱਧ ਇਕ ਅਧਿਆਪਕ ਵਾਲੇ ਸਕੂਲਾਂ ਵਿਚ ਦਾਖਲ ਹਨ, ਜਿਨ੍ਹਾਂ 'ਚੋਂ ਆਂਧਰਾ ਪ੍ਰਦੇਸ਼ ਵਿਚ ਸੱਭ ਤੋਂ ਵੱਧ ਸਕੂਲ ਦਰਜ ਕੀਤੇ ਗਏ ਹਨ, ਇਸ ਤੋਂ ਬਾਅਦ ਉੱਤਰ ਪ੍ਰਦੇਸ਼, ਝਾਰਖੰਡ, ਮਹਾਰਾਸ਼ਟਰ, ਕਰਨਾਟਕ ਅਤੇ ਲਕਸ਼ਦੀਪ ਹਨ। ਹਾਲਾਂਕਿ, ਜਦੋਂ ਇਕ ਅਧਿਆਪਕ ਵਾਲੇ ਸਕੂਲਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਦੀ ਗੱਲ ਆਉਂਦੀ ਹੈ, ਤਾਂ ਉੱਤਰ ਪ੍ਰਦੇਸ਼ ਇਸ ਸੂਚੀ ਵਿਚ ਸੱਭ ਤੋਂ ਉੱਪਰ ਹੈ, ਇਸ ਤੋਂ ਬਾਅਦ ਝਾਰਖੰਡ, ਪਛਮੀ ਬੰਗਾਲ ਅਤੇ ਮੱਧ ਪ੍ਰਦੇਸ਼ ਹਨ। ਇਕ ਅਧਿਆਪਕ ਵਾਲੇ ਸਕੂਲਾਂ ਦੀ ਗਿਣਤੀ 2022-23 ਵਿਚ 1,18,190 ਤੋਂ ਘਟ ਕੇ 2023-24 ਵਿਚ 1,10,971 ਰਹਿ ਗਈ, ਜਿਸ ਵਿਚ ਲਗਭਗ ਛੇ ਫ਼ੀ ਸਦੀ ਦੀ ਗਿਰਾਵਟ ਦਰਜ ਕੀਤੀ ਗਈ।

# ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ 'ਤੇ ਤੇਜ਼ਾਬ ਹਮਲਾ

**ਨਵੀਂ ਦਿੱਲੀ।** ਦਿੱਲੀ ਦੇ ਭਾਰਤ ਨਗਰ ਪੁਲਿਸ ਸਟੇਸ਼ਨ ਇਲਾਕੇ ਵਿੱਚ ਇੱਕ 20 ਸਾਲਾ ਵਿਦਿਆਰਥਣ 'ਤੇ ਇੱਕ ਜਾਣਕਾਰ ਨੇ ਤੇਜ਼ਾਬ ਨਾਲ ਹਮਲਾ ਕੀਤਾ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਘਟਨਾ ਐਤਵਾਰ ਨੂੰ ਵਾਪਰੀ। ਪੁਲਿਸ ਨੂੰ ਦੀਪ ਚੰਦ ਬੰਧੂ ਹਸਪਤਾਲ ਤੋਂ ਸੂਚਨਾ ਮਿਲੀ ਕਿ ਮੁਕੁੰਦਪੁਰ ਦੀ ਇੱਕ ਵਿਦਿਆਰਥਣ



ਨੂੰ ਤੇਜ਼ਾਬ ਨਾਲ ਸਾੜਨ ਦੀਆਂ ਸੱਟਾਂ ਕਾਰਨ ਦਾਖਲ ਕਰਵਾਇਆ ਗਿਆ ਹੈ। ਪੁਲਿਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਪੀੜਤਾ ਦੂਜੇ ਸਾਲ (ਗੈਰ-ਕਾਲਜ) ਦੀ ਵਿਦਿਆਰਥਣ ਹੈ। ਉਹ ਐਤਵਾਰ ਨੂੰ ਇੱਕ ਵਾਧੂ ਕਲਾਸ ਲਈ ਅਸ਼ੋਕ ਬਿਹਾਰ ਦੇ ਲਕਸ਼ਮੀਬਾਈ ਕਾਲਜ ਜਾ ਰਹੀ ਸੀ। ਰਸਤੇ ਵਿੱਚ, ਮੁਕੁੰਦਪੁਰ ਦਾ ਰਹਿਣ ਵਾਲਾ ਜਤਿੰਦਰ ਆਪਣੇ 2 ਦੋਸਤਾਂ, ਈਸ਼ਾਨ ਅਤੇ ਅਰਮਾਨ ਨਾਲ ਮੋਟਰਸਾਈਕਲ 'ਤੇ ਪਹੁੰਚਿਆ। ਪੀੜਤਾ ਮੁਤਾਬਕ ਈਸ਼ਾਨ ਨੇ ਅਰਮਾਨ ਨੂੰ ਇੱਕ ਬੋਤਲ ਦਿੱਤੀ, ਅਤੇ ਅਰਮਾਨ ਨੇ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਵਿਦਿਆਰਥਣ ਨੇ ਆਪਣਾ ਚਿਹਰਾ ਬਚਾਉਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਸ ਦੇ ਦੋਵੇਂ ਹੱਥ ਗੰਭੀਰ ਰੂਪ ਵਿੱਚ ਸੜ ਗਏ। ਹਮਲੇ ਤੋਂ ਬਾਅਦ, ਤਿੰਨੋਂ ਮੁਲਜ਼ਮ ਮੌਕੇ ਤੋਂ ਭੱਜ ਗਏ। ਪੁਲਿਸ ਨੇ ਮੁਲਜ਼ਮਾਂ ਨੂੰ ਫੜਨ ਲਈ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਪੀੜਤਾ ਨੇ ਦੱਸਿਆ ਕਿ ਜਤਿੰਦਰ ਉਸ ਦਾ ਪਿੱਛਾ ਕਰ ਰਿਹਾ ਸੀ ਅਤੇ ਲਗਭਗ ਇੱਕ ਮਹੀਨਾ ਪਹਿਲਾਂ ਉਨ੍ਹਾਂ ਦੀ ਤਿੱਖੀ ਬਹਿਸ ਹੋਈ ਸੀ। ਦਿੱਲੀ ਪੁਲਿਸ ਨੇ ਦੱਸਿਆ ਕਿ ਅਪਰਾਧ ਸਥਾਨ ਅਤੇ ਐਫਐਸਐਲ ਟੀਮ ਨੇ ਘਟਨਾ ਸਥਾਨ ਦਾ ਮੁਆਇਨਾ ਕੀਤਾ। ਉਸਦੇ ਬਿਆਨ ਅਤੇ ਸੱਟਾਂ ਦੀ ਪ੍ਰਕਿਰਤੀ ਦੇ ਆਧਾਰ 'ਤੇ, ਬੀਐਨਐਸ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਜਾਂਚ ਜਾਰੀ ਹੈ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵੀਂ ਮਹਾਨ ਪੈਦਲ ਯਾਤਰਾ ਦਾ ਸੰਗਤਾਂ ਵੱਲੋਂ ਨਿੱਘਾ ਸਵਾਗਤ

## ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਕੀਤੀ ਸ਼ਮੂਲੀਅਤ







**ਕਪੂਰਥਲਾ, (ਕੌੜਾ)-** ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵੀਂ ਮਹਾਨ ਪੈਦਲ ਯਾਤਰਾ ਦਸਮੇਸ਼ ਸੇਵਕ ਜਥਾ ਦੇ ਉਪਰਾਲਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਾਰਮਿਕ ਜੱਥੇਬੰਦੀਆਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਸਵੇਰੇ 4 ਵਜੇ ਸਟੇਟ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਈ। ਆਰੰਭਤਾ ਮੌਕੇ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਮੋਹਕਮ ਸਿੰਘ, ਭਾਈ ਸਤਨਾਮ ਸਿੰਘ ਹੈਡ ਗ੍ਰੰਥੀ, ਅਤੇ ਪ੍ਰਬੰਧਕ ਜਥੇਦਾਰ ਰਛਪਾਲ ਸਿੰਘ ਨੇ ਪੰਜ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਹੈਡ ਗ੍ਰੰਥੀ ਗਿਆਨੀ ਮੋਹਕਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਅੱਗੇ ਸਮੂਹ ਸੰਗਤਾਂ ਲਈ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਈ ਪੈਦਲ ਯਾਤਰਾ ਸੇਖੂਪੁਰ, ਬਰਿੰਦਪੁਰ, ਰੇਲ ਕੋਚ ਫੈਕਟਰੀ, ਹੁਸੈਨਪੁਰ, ਖੈੜਾ ਦੋਨਾਂ, ਭਾਣੋਲੰਗਾ, ਕੜਾਲ ਕਲਾ, ਪਾਜ਼ੀਆਂ, ਡਡਵਿੰਡੀ, ਫੌਜੀ ਕਲੋਨੀ, ਜੈਨਪੁਰ ਤੋਂ ਹੁੰਦਿਆਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪਹੁੰਚੀ। ਯਾਤਰਾ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਧਾਰਮਿਕ ਜਥੇਬੰਦੀਆਂ ਅਤੇ ਸਮੂਹ ਸੰਗਤਾਂ ਨੇ ਲੰਗਰ ਲਗਾ ਕੇ, ਫੁੱਲਾਂ ਦੀ ਵਰਖਾ ਕਰਕੇ ਸੁਆਗਤੀ ਗੇਟ ਬਣਾ ਕੇ ਭਰਵਾਂ ਸਵਾਗਤ ਕੀਤਾ। ਸ਼ਬਦ ਚੌਕੀ ਜੱਥੇ ਦੇ ਸਮੂਹ ਮੈਂਬਰ ਅਤੇ ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਨੇ ਸ਼ਬਦ ਕੀਰਤਨ ਰਾਹੀਂ ਵਾਤਾਵਰਨ ਨੂੰ ਖਾਲਸਾਈ ਰੰਗਤ ਦਿੱਤੀ। ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਖਾੜਾ ਦੇ ਨੌਜਵਾਨਾਂ ਨੇ ਗੱਤਕੇ ਦੇ ਖਾਲਸਾਈ ਜੌਹਰ ਦਿਖਾ ਕੇ ਪੁਰਾਤਨ ਵਿਰਸੇ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਯਾਤਰਾ ਪ੍ਰਬੰਧਕ ਜਥੇਦਾਰ ਰਛਪਾਲ ਸਿੰਘ, ਜਥੇਦਾਰ ਜਸਵਿੰਦਰ ਸਿੰਘ ਬੱਤਰਾ, ਜਸਬੀਰ ਸਿੰਘ ਰਾਣਾ, ਮਨਮੋਹਣ ਸਿੰਘ, ਸਵਰਨ ਸਿੰਘ, ਦਵਿੰਦਰ ਸਿੰਘ ਦੇਵ ,ਪਰਮਿੰਦਰ ਸਿੰਘ ਹੈਪੀ, ਮਨਪ੍ਰੀਤ ਸਿੰਘ ਮਨੀ, ਸੁਖਵਿੰਦਰ ਮੋਹਨ ਸਿੰਘ ਭਾਟੀਆ, ਸੁਖਰਾਜ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਅਜੋਕਾ ਨੌਜਵਾਨ ਬੇਲੋੜੀ ਸੋਸ਼ਲ ਮੀਡੀਆ ਦੀ ਵਰਤੋਂ ਤੋਂ ਵਰਜਿਤ ਹੋ ਕੇ ਆਪਣੇ ਮਾਣ-ਮੱਤੇ ਇਤਿਹਾਸ ਤੋਂ ਜਾਣੂ ਹੋ ਸਕੇ । ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸੇਵਾ, ਸਿਮਰਨ ਅਤੇ ਸੰਗਤ ਕਲਯੁਗੀ ਮਨੁੱਖਾਂ ਨੂੰ ਦੁੱਖਾਂ ਤੋਂ ਨਿਜਾਤ ਦਵਾ ਸਕਦੇ ਹਨ, ਕਿਉਂਕਿ ਇਹੋ ਹੀ ਪਰਮਾਤਮਾ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸਾਰਥਿਕ ਮਾਰਗ ਹਨ , ਲੱਖਾਂ ਦੀ ਤਾਦਾਤ ਵਿੱਚ ਸੰਗਤਾਂ ਦੁਆਰਾ ਕੀਤੀ ਗਈ ਸ਼ਮੂਲੀਅਤ ਗੁਰੂ ਨਾਨਕ ਸਾਹਿਬ ਨਾਲ ਪਿਆਰ ਅਤੇ ਵਿਸ਼ਵਾਸ਼ ਨੂੰ ਹੋਰ ਪਕੇਰਾ ਕਰ ਰਹੀ ਹੈ। ਇਸ ਮੌਕੇ ਵੱਖ ਵੱਖ ਸਮਾਜਸੇਵੀ ਸੰਸਥਾਵਾਂ,ਧਾਰਮਿਕ ਜਥੇਬੰਦੀਆਂ ,ਜਿਲਾ ਟ੍ਰੈਫਿਕ ਪੁਲੀਸ ਕੰਟਰੋਲ ਦੇ ਕਰਮਚਾਰੀਆਂ ਅਤੇ ਸਿਹਤ ਭਲਾਈ ਵਿਭਾਗ ਦੇ ਅਧਿਕਾਰੀਆਂ ਨੇ ਸੰਗਤਾਂ ਲਈ ਮੈਡੀਕਲ ਸੇਵਾਵਾਂ, ਜਲ ਸੇਵਾਵਾਂ, ਟ੍ਰੈਫਿਕ ਕੰਟਰੋਲ, ਠੰਡੇ ਮਿੱਠੇ ਜਲ ਦੀ ਛਬੀਲ ਦਾ ਵਿਸ਼ੇਸ਼ ਪ੍ਰਬੰਧ ਕੀਤਾ । ਰਸਤੇ ਵਿਚ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਨੇ ਫੁੱਲਾਂ ਦੀ ਵਰਖਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ਼ ਜੀ ਦਾ ਭਰਵਾਂ ਸਵਾਗਤ ਕੀਤਾ ਅਤੇ ਯਾਤਰਾ ਪ੍ਰਬੰਧਕਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ । ਯਾਤਰਾ ਦਾ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪਹੁੰਚਣ ਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਭਾਈ ਅਵਤਾਰ ਸਿੰਘ ,ਐਡੀਸਨਲ ਮੈਨੇਜਰ ਭਾਈ ਚੈਚਲ ਸਿੰਘ ਆਹਲੀ, ਮੀਤ ਮੈਨੇਜਰ ਗੁਰਜੀਤ ਸਿੰਘ, ਬੀਬੀ ਗੁਰਪ੍ਰੀਤ ਕੌਰ ਰੂਹੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ,ਭਾਈ ਹਰਜਿੰਦਰ ਸਿੰਘ ਹੈਡ ਗ੍ਰੰਥੀ , ਭਾਈ ਸਤਨਾਮ ਸਿੰਘ ਹੈਡ ਗ੍ਰੰਥੀ, ਭਾਈ ਚੰਨਣ ਸਿੰਘ, , ਅਤੇ ਹੋਰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ਼ ਜੀ ਦਾ ਗੁਰੂ ਮਰਿਆਦਾ ਅਨੁਸਾਰ ਪੂਰਨ ਸਨਮਾਨ ਕੀਤਾ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਨਾਲ ਨਿਵਾਜਿਆ। ਇਸ ਮੌਕੇ ਯਾਤਰਾ ਪ੍ਰਬੰਧਕਾਂ ਵੱਲੋਂ ਰਸਤੇ ਵਿਚ ਵੱਖ ਵੱਖ ਲੰਗਰ ਕਮੇਟੀਆਂ, ਧਾਰਮਿਕ ਜਥੇਬੰਦੀਆਂ ਅਤੇ ਸਹਿਯੋਗੀ ਸ਼ਖ਼ਸੀਅਤਾਂ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਉਹਨਾਂ ਸਮੂਹ ਸਾਧ ਸੰਗਤਾਂ ਦਾ ਧੰਨਵਾਦ ਵੀ ਕੀਤਾ । ਯਾਤਰਾ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਪਾਲਕੀ ਵਾਲੀ ਬੱਸ ਅਤੇ ਗਤਕਾ ਅਖਾੜਾ ਦੇ ਨੌਜਵਾਨਾਂ ਵੱਲੋਂ ਦਿਖਾਏ ਗਏ ਕਰਤੱਬ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਕਰਮਬੀਰ ਸਿੰਘ ਚੰਦੀ ਹਲਕਾ ਇੰਚਾਰਜ, ਅਮਰਜੀਤ ਸਿੰਘ ਸਡਾਨਾ, ਤਰਵਿੰਦਰ ਮੋਹਨ ਸਿੰਘ ਭਾਟੀਆ ,ਸੁਰਜੀਤ ਸਿੰਘ ਸਡਾਨਾ,ਗੁਰਪ੍ਰੀਤ ਸਿੰਘ ਬੱਬਲੂ, ਦਰਸ਼ਨ ਸਿੰਘ ਇੰਚਾਰਜ ਟ੍ਰੈਫਿਕ ਕਪੂਰਥਲਾ, ਦਵਿੰਦਰ ਜੀਤ ਸਿੰਘ, ਗੁਰਵਿੰਦਰ ਸਿੰਘ, ਮਨਮੋਹਨ ਸਿੰਘ, ਜਸਬੀਰ ਸਿੰਘ ਰਾਣਾ, ਜਸਬੀਰ ਸਿੰਘ, ਆਗਿਆਪਾਲ ਸਿੰਘ, ਦਵਿੰਦਰ ਸਿੰਘ ਦੇਵ,ਜੋਧ ਸਿੰਘ, ਗ੍ਰੰਥੀ ਭਾਈ ਸਤਨਾਮ ਸਿੰਘ, ਗਗਨਦੀਪ ਸਿੰਘ ,, ਗੁਰਪ੍ਰੀਤ ਸਿੰਘ ਸੋਨਾ, ਪ੍ਰੀਤਪਾਲ ਸਿੰਘ ਸੋਨੂੰ, ਲਖਵੀਰ ਸਿੰਘ ਸਾਹੀ, ਹਰਜੀਤ ਸਿੰਘ ਭਾਟੀਆ, ਸੁਰਿੰਦਰਪਾਲ ਸਿੰਘ ਬਿੱਟੂ, ਸੁਖਜੀਤ ਸਿੰਘ ਵਾਲੀਆ, ਪਰਮਿੰਦਰ ਸਿੰਘ, ਮਨਪ੍ਰੀਤ ਸਿੰਘ ਮਨੀ,ਜਸਬੀਰ ਸਿੰਘ ਖਾਲਸਾ, ਸੁਖਰਾਜ ਸਿੰਘ, ਸੁਰਜੀਤ ਸਿੰਘ ਵਿੱਕੀ,ਗੁਰਬਿੰਦਰ ਸਿੰਘ, ਗੁਰਵਿੰਦਰ ਸਿੰਘ, ਕਰਮ ਸਿੰਘ, ਜਸਪਾਲ ਸਿੰਘ ਖੁਰਾਣਾ, ਗੁਰਕੰਵਲ ਸਿੰਘ, ਉਕਾਰ ਸਿੰਘ, ਸੂਰਤ ਸਿੰਘ, ਹੈੱਡ ਗ੍ਰੰਥੀ ਗੁਰਮੀਤ ਸਿੰਘ,ਗੁਰਟੇਕ ਸਿੰਘ, ਹਰਦਿਆਲ ਸਿੰਘ, ਕੁਲਦੀਪ ਸਿੰਘ,ਇੰਦਰ ਸਿੰਘ, ਪਰਮਜੀਤ ਸਿੰਘ ਸੇਖੂਪੁਰ, ਊਧਮ ਸਿੰਘ, ਪੂਰਨ ਸਿੰਘ ,ਗੁਰਪ੍ਰੀਤ ਸਿੰਘ ਬੰਟੀ ਵਾਲੀਆ ਸਾਬਕਾ ਸ਼ਹਿਰੀ ਪ੍ਰਧਾਨ, ਪ੍ਰੋ ਕੁਲਵੰਤ ਸਿੰਘ ਔਜਲਾ, ਆਰਟਿਸਟ ਜਸਬੀਰ ਸਿੰਘ ਸੰਧੂ,,ਜਸਕਰਨ ਸਿੰਘ, ਸ੍ਰੀ ਰੌਸ਼ਨ ਖੈੜਾ, ਗੁਰਮੇਜ ਸਿੰਘ, ਭੁਪਿੰਦਰ ਸਿੰਘ, , ਹਰਵੰਤ ਸਿੰਘ ਸਚਦੇਵਾ, ਅਮਰੀਕ ਸਿੰਘ ਮੱਲ੍ਹੀ, ਜਸਪ੍ਰੀਤ ਸਿੰਘ ਸਚਦੇਵਾ, ਨਵਜੀਤ ਸਿੰਘ ਰਾਜੂ, ਸੁਰਜੀਤ ਸਿੰਘ ਵਿੱਕੀ, ਸੁਖਰਾਜ ਸਿੰਘ, ਇੰਦਰਬੀਰ ਸਿੰਘ ਢੋਟ, ਸਰਬਜੀਤ ਸਿੰਘ, ਧੰਨਪ੍ਰੀਤ ਸਿੰਘ ਭਾਟੀਆ, ਗੁਰਬਖਸ਼ ਸਿੰਘ, ਸੁਰਜੀਤ ਪਾਲ ਸਿੰਘ,, ਅਮਰਜੀਤ ਸਿੰਘ ਥਿੰਦ, ਜਸਬੀਰ ਸਿੰਘ ਖ਼ਾਲਸਾ, ਚਰਨਜੀਤ ਸਿੰਘ ਵਾਲੀਆ, ਜਤਿੰਦਰ ਸਿੰਘ, ਸਿਮਰਨਜੀਤ ਸਿੰਘ, ਪਰਮਿੰਦਰ ਦੀਪ ਸਿੰਘ ਸਮੇਤ ਵੱਡੀ ਗਿਣਤੀ ਵਿਚ ਸਮੂਹ ਸੰਗਤਾਂ ਹਾਜ਼ਰ ਸਨ।

# ਰੁਸਤਮ-ਏ -ਹਿੰਦ ਕੁਸ਼ਤੀ ਸੰਸਥਾ ਨੂੰ ਮਿਲਿਆ ਰਾਸ਼ਟਰੀਆ ਗੌਰਵ ਪੁਰਸਕਾਰ

**ਨਵਾਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਦੇਸ਼ ਦੀ ਸੱਭ ਤੋਂ ਵੱਡੀ ਅਤੇ ਨਾਮੀ ਕੁਸ਼ਤੀ ਸੰਸਥਾ ਰੁਸਤਮ-ਏ - ਹਿੰਦ ਵੈਲਫੇਅਰ ਸੰਸਥਾ ਨੂੰ ਭਾਰਤ ਸਰਕਾਰ ਦੇ ਮਾਨਤਾ ਪ੍ਰਾਪਤ ਅਦਾਰਾ ਵਾਈ ਐਸ ਐਸ ਫਾਊਡੇਸ਼ਨ ਦਿੱਲੀ ਵਲੋਂ ਦੇਸ਼ ਦਾ ਨੈਸ਼ਨਲ ਪੱਧਰ ਦਾ ਐਵਾਰਡ ਰਾਸ਼ਟਰੀਆ ਗੌਰਵ ਪੁਰਸਕਾਰ ਦਿੱਤਾ ਗਿਆ ਇਹ ਪੁਰਸਕਾਰ ਰੁਸਤਮ -ਏ - ਹਿੰਦ ਕੁਸ਼ਤੀ ਸੰਸਥਾ ਵਲੋਂ ਕੁਸ਼ਤੀ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਗਏ ਉਧਮਾਂ ਨੂੰ ਮੁੱਖ ਰੱਖ ਕਿ ਦਿੱਤਾ ਗਿਆ ਹੈ, ਫਾਊਡੇਸ਼ਨ ਦੇ ਕਮਿਊਨਟੀ ਲੀਡਰ ਰਿਟਾਇਰਡ ਆਰਮੀ ਅਫਸਰ ਸੀ ਕੇ ਸਕਸੈਨਾ ਅਤੇ ਫਾਊਂਡੇਸ਼ਨ ਦੇ ਪ੍ਰੈਸੀਡੈਂਟ ਡਾਇਰੈਕਟਰ ਕਮਲ ਚੌਧਰੀ ਨੇ ਦੱਸਿਆ ਕਿ ਪਿੱਛਲੇ ਲੰਬੇ ਸਮੇਂ ਤੋਂ ਰੁਸਤਮ -ਏ-ਹਿੰਦ ਕੁਸ਼ਤੀ ਸੰਸਥਾ ਵਲੋਂ ਕੁਸ਼ਤੀ ਦੇ ਸਰਵ ਉੱਚ ਟਾਈਟਲ ਰੁਸਤਮ -ਏ - ਹਿੰਦ, ਭਾਰਤ ਕੇਸਰੀ, ਭਾਰਤ ਕੁਮਾਰ, ਸ਼ਾਨੇ ਭਾਰਤ, ਪੰਜਾਬ ਕੇਸਰੀ, ਰੁਸਤਮ ਏ ਪੰਜਾਬ, ਪੰਜਾਬ ਕੁਮਾਰ, ਕਰਵਾਏ ਜਾਂਦੇ ਹਨ,



ਫਾਊਡੇਸ਼ਨ ਵਲੋਂ ਸਮੂਹ ਭਾਰਤ ਵਿਚ ਕੁਸ਼ਤੀ ਸਬੰਧੀ ਸਰਵੇ ਕਰਨ ਉਪਰੰਤ ਸੰਸਥਾ ਨੂੰ ਰਾਸ਼ਰੀਆ ਗੌਰਵ ਪੁਰਸਕਾਰ ਦਿੱਤਾ ਗਿਆ ! ਕੁਸ਼ਤੀ ਸੰਸਥਾ ਦੀ ਇਸ ਪ੍ਰਾਪਤੀ ਨਾਲ ਕੁਸ਼ਤੀ ਜਗਤ ਵਿਚ ਖੁਸ਼ੀ ਦੀ ਲਹਿਰ ਹੈ ਇਸ ਮੌਕੇ ਤੇ ਰੁਸਤਮ ਏ ਹਿੰਦ ਕੁਸ਼ਤੀ ਸੰਸਥਾ ਦੇ ਰਾਸ਼ਟਰੀ ਚੇਅਰਮੈਨ ਭਲਵਾਨ ਭੁਪਿੰਦਰ ਪਾਲ ਸਿੰਘ ਜਾਡਲਾ ਨੇ ਸਮੂਹ ਫਾਊਡੇਸ਼ਨ ਦਾ ਧੰਨਵਾਦ ਕੀਤਾ ਅਤੇ ਅਗੇ ਤੋਂ ਕੁਸ਼ਤੀ ਨੂੰ ਹੋਰ ਬੁਲੰਦੀਆਂ ਤੇ ਲਿਜਾਉਣ ਦੇ ਗੱਲ ਆਖੀ ! ਇਸ ਮੌਕੇ ਕਿ ਕੁਸ਼ਤੀ ਸੰਸਥਾ ਦੇ ਰਾਸ਼ਟਰੀ ਲੀਗਲ ਸਲਾਹਕਾਰ ਐਡਵੋਕੇਟ ਨਿਰਾਜ ਭੱਲਾ, ਰਾਸ਼ਟਰੀ ਮੀਤ ਪ੍ਰਧਾਨ ਜੋਬਨ ਸਿੰਘ ਰਾਠੌਰ, ਸੂਬਾ ਹਿਮਾਚਲ ਪ੍ਰਦੇਸ਼ ਦਾ ਪ੍ਰਧਾਨ ਸਾਗਰ ਕਾਂਗੜਾ, ਸੂਬਾ ਹਰਿਆਣਾ ਦਾ ਪ੍ਰਧਾਨ ਸੁਸ਼ੀਲ ਕੁਮਾਰ ਕੈਂਥਲ, ਸੂਬਾ ਰਾਜਸਥਾਨ ਦਾ ਪ੍ਰਧਾਨ ਸੁੱਖਾ ਸਿੰਘ, ਸੂਬਾ ਪੰਜਾਬ ਦਾ ਸੀਨੀਅਰ ਮੀਤ ਪ੍ਰਧਾਨ ਅਬਦੁਲ ਮਜੀਦ, ਸੂਬਾ ਮੀਤ ਪ੍ਰਧਾਨ ਮਹੀਪਾਲ ਲੌਡੂਵਾਲ, ਸੂਬਾ ਕੋਚ ਅਤੇ ਜਨਰਲ ਸਕੱਤਰ ਪ੍ਰਿੰਸ ਨਾਹਰ ਚੰਗਿਆੜਾ, ਆਦਿ ਹਾਜਰ ਸਨ !

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਯੂ ਕੇ ਵੀਜ਼ਾ ਫੀਸਾਂ ਵਿੱਚ ਵਾਧਾ

## ● ਭਾਰਤੀ ਅਤੇ ਏਸ਼ੀਆਈ ਪਰਵਾਸੀਆਂ ਲਈ ਬਹੁਤ ਭਾਰੀ ਝਟਕਾ
## ● ਇੰਡਿਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਫੀਸਾ ਚ ਵਾਧੇ ਦੀ ਭਾਰੀ ਨਿੰਦਾ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਕਿਹਾ ਕਿ ਬਰਤਾਨੀਆ ਸਰਕਾਰ ਵੱਲੋਂ ਇਮੀਗ੍ਰੇਸ਼ਨ ਅਰਜ਼ੀ ਫੀਸਾਂ ਅਤੇ ਇਮੀਗ੍ਰੇਸ਼ਨ ਹੈਲਥ ਸਰਚਾਰਜ ਫੀਸਾਂ ਚ ਕੀਤਾ ਗਿਆ ਵਾਧਾ ਭਾਰਤੀ ਅਤੇ ਏਸ਼ੀਆਈ ਪਰਿਵਾਰਾਂ ਤੇ ਬਹੁਤ ਵੱਡਾ ਆਰਥਿਕ ਬੋਝ ਪਾਵੇਗਾ। ਇੰਡੀਅਨ ਵਰਕਰਜ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਕਿਹਾ ਕਿ ਨਵੀਆਂ ਵਧੀਆਂ ਫੀਸਾਂ ਚ ਹੁਣ 1,035 ਪੌਂਡ ਪ੍ਰਤੀ ਸਾਲ, ਜੋ ਪਹਿਲਾਂ ਹੀ ਅਗਾਊਂ ਭਰੀ ਜਾਂਦੀ ਹੈ ,ਦਾ ਮਤਲਬ ਹੈ ਕਿ ਇੱਕ ਆਮ ਪੰਜ ਸਾਲਾਂ ਦਾ ਵੀਜ਼ਾ ਇੱਕ ਵਿਅਕਤੀ ਲਈ 5,000 ਪੌਂਡ ਤੋਂ ਵੱਧ ਅਤੇ ਚਾਰ ਮੈਂਬਰੀ ਪਰਿਵਾਰ ਲਈ 20,000 ਪੌਂਡ ਤੋਂ ਉੱਪਰ ਹੋਵੇਗਾ।ਉਹ ਲੋਕ ਜੋ ਬਰਤਾਨੀਆ ਦੀਆਂ ਯੂਨੀਵਰਸਿਟੀਆਂ, ਅਰਥਵਿਵਸਥਾ ਅਤੇ ੍ਰਸ਼ (ਨੇਸ਼ਨਲ ਹੈਲਥ ਸਰਵਿਸ) ਵਿਚ ਅਹਿਮ ਯੋਗਦਾਨ ਪਾ ਰਹੇ ਹਨ , ਉਨ੍ਹਾਂ ਤੇ ਹੋਰ ਬੋਝ ਪਵੇਗਾ।



ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਕਿਹਾ ਕਿ ਭਾਰਤ ਅਤੇ ਦੱਖਣੀ ਏਸ਼ੀਆ ਦੇ ਕਈ ਮਜ਼ਦੂਰ ਵਰਗ ਦੇ ਪਰਿਵਾਰਾਂ ਲਈ ਇਹ ਰਕਮ ਪੂਰੀ ਤਰ੍ਹਾਂ ਅਸੰਭਵ ਹੈ," ਐਸੋਸੀਏਸ਼ਨ ਦੇ ਜਨਰਲ ਸੈਕਟਰੀ ਸੀਤਲ ਸਿੰਘ ਗਿੱਲ ਨੇ ਕਿਹਾ। "ਲੋਕ ਜ਼ਮੀਨ ਵੇਚ ਰਹੇ ਹਨ, ਕਰਜ਼ੇ ਲੈ ਰਹੇ ਹਨ ਜਾਂ ਨਿੱਜੀ ਏਜੰਟਾਂ ਨੂੰ ਹਜ਼ਾਰਾਂ ਪੌਂਡ ਦੇ ਰਹੇ ਹਨ ਸਿਰਫ਼ ਯੂਕੇ ਪਹੁੰਚਣ ਲਈ। ਇਹ ਉਹਨਾਂ ਹੀ ਲੋਕਾਂ ਨੂੰ ਸਜ਼ਾ ਦੇ ਰਿਹਾ ਹੈ ਜਿਨ੍ਹਾਂ 'ਤੇ ਬਰਤਾਨੀਆ ਨਰਸਾਂ, ਕੇਅਰਰਾਂ ਅਤੇ ਵਿਦਿਆਰਥੀਆਂ ਵਾਂਗ ਭਰੋਸਾ ਕਰਦਾ ਹੈ।"ਬਰਤਾਨਵੀ ਹੋਮ ਆਫਿਸ ਦੇ ਅਧਿਕਾਰਕ ਅੰਕੜਿਆਂ ਮੁਤਾਬਕ, 2024 ਵਿਚ ਭਾਰਤੀ ਨਾਗਰਿਕਾਂ ਨੂੰ 1,10,000 ਤੋਂ ਵੱਧ ਸਟੱਡੀ ਵਿਜ਼ੇ ਜਾਰੀ ਕੀਤੇ ਗਏ — ਜੋ ਕਿਸੇ ਵੀ ਦੇਸ਼ ਲਈ ਸਭ ਤੋਂ ਵੱਧ ਹਨ — ਅਤੇ ਲਗਭਗ 81,000 ਵਰਕ ਵਿਜ਼ੇ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸਿਹਤ ਅਤੇ ਸੋਸ਼ਲ ਕੇਅਰ ਖੇਤਰਾਂ ਵਿਚ ਕੰਮ ਕਰਦੇ ਹਨ। ਹਜ਼ਾਰਾਂ ਹੋਰ ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਨੇਪਾਲ ਅਤੇ ਫਿਲੀਪੀਨਜ਼ ਤੋਂ ਵੀ ਆਏ।

ਰੌਇਲ ਸੋਸਾਇਟੀ ਦੀ ਇੱਕ ਹਾਲੀਆ ਰਿਪੋਰਟ ਮੁਤਾਬਕ, ਇੱਕ ਖੋਜਕਰਤਾ ਲਈ ਯੂਕੇ ਵਿਜ਼ਾ ਦੀ ਲਾਗਤ ਅੰਤਰਰਾਸ਼ਟਰੀ ਔਸਤ ਤੋਂ 22 ਗੁਣਾ ਵੱਧ ਹੈ — ਜਿਸ ਨਾਲ ਯੂਕੇ ਦੁਨੀਆ ਦੇ ਸਭ ਤੋਂ ਮਹਿੰਗੇ ਦੇਸ਼ਾਂ 'ਚੋਂ ਇੱਕ ਬਣ ਗਿਆ ਹੈ।

ਗਿੱਲ ਨੇ ਕਿਹਾ ਕਿ ਇਹ ਵਾਧੇ "ਉਸ ਸਮੇਂ ਹੋ ਰਹੇ ਹਨ ਜਦੋਂ ਬਰਤਾਨੀਆ ਨੂੰ ਭਾਰਤ ਵਰਗੇ ਸਾਥੀ ਦੇਸ਼ਾਂ ਤੋਂ ਹੁਨਰਮੰਦ ਮਜ਼ਦੂਰੀ ਅਤੇ ਚੰਗੀ ਭਾਵਨਾ ਦੀ ਸਭ ਤੋਂ ਵੱਧ ਲੋੜ ਹੈ।" "ਯੋਗਤਾ ਦਾ ਸਵਾਗਤ ਕਰਨ ਦੀ ਥਾਂ, ਯੂਕੇ ਨੇ ਪਰਵਾਸੀ ਪ੍ਰਕਿਰਿਆ ਨੂੰ ਨਫ਼ੇ ਦਾ ਕਾਰੋਬਾਰ ਬਣਾ ਦਿੱਤਾ ਹੈ," ਉਨ੍ਹਾਂ ਨੇ ਕਿਹਾ। "ਉਹ ਵਿਦਿਆਰਥੀ ਅਤੇ ਮਜ਼ਦੂਰ ਜਿਨ੍ਹਾਂ ਦਾ ਸੁਪਨਾ ਹੈ ਇੱਥੇ ਯੋਗਦਾਨ ਪਾਉਣ ਦਾ — ਉਹਨਾਂ ਨੂੰ ਪਹੁੰਚਣ ਤੋਂ ਪਹਿਲਾਂ ਹੀ ਬਾਹਰ ਕੀਤਾ ਜਾ ਰਿਹਾ ਹੈ।"

ਮਿਡਲੈਂਡਸ ਅਤੇ ਲੰਡਨ ਦੀਆਂ ਕਈ ਕਮਿਊਨਿਟੀ ਸੰਗਠਨਾਂ — ਜਿੱਥੇ ਬਰਤਾਨੀਆ ਦੀਆਂ ਸਭ ਤੋਂ ਵੱਡੀਆਂ ਭਾਰਤੀ ਅਤੇ ਪਾਕਿਸਤਾਨੀ ਆਬਾਦੀਆਂ ਰਹਿੰਦੀਆਂ ਹਨ — ਨੇ ਦੱਸਿਆ ਹੈ ਕਿ ਹਜ਼ਾਰਾਂ ਪ੍ਰਵਾਸੀ 8,000 ਤੋਂ 25,000 ਪੌਂਡ ਤੱਕ ਦੇ ਕੇ ਵਿਦੇਸ਼ੀ ਏਜੰਟਾਂ ਰਾਹੀਂ ਕੰਮ ਜਾਂ ਸਪਾਂਸਰਸ਼ਿਪ ਪ੍ਰਾਪਤ ਕਰ ਰਹੇ ਹਨ। ਐਸੋਸੀਏਸ਼ਨ ਨੇ ਯੂਕੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਵਿਜ਼ਾ ਅਤੇ ਹੈਲਥ ਸਰਚਾਰਜ ਦੀਆਂ ਲਾਗਤਾਂ ਦਾ ਮੁੜ ਜਾਇਜ਼ਾ ਲਏ ਅਤੇ ਉਹਨਾਂ ਨੂੰ ਘਟਾਏ, ਨਕਲੀ ਰਿਕਰੂਟਰਾਂ ਖ਼ਿਲਾਫ਼ ਕਾਰਵਾਈ ਕਰੇ ਅਤੇ ਭਾਰਤੀ ਸਰਕਾਰ ਨਾਲ ਮਿਲ ਕੇ ਅਸਲ ਅਰਜ਼ੀਦਾਰਾਂ ਲਈ ਇਮਾਨਦਾਰ ਅਤੇ ਪਾਰਦਰਸ਼ੀ ਰਾਹ ਬਣਾਏ। ਬਰਤਾਨੀਆ ਦੀ ਤਾਕਤ ਸਦਾ ਉਸਦੀ ਖੁੱਲ੍ਹੇਪਣ ਵਿਚ ਰਹੀ ਹੈ," ਗਿੱਲ ਨੇ ਕਿਹਾ। "ਅਸੀਂ ਇਨਸਾਫ਼ ਚਾਹੁੰਦੇ ਹਾਂ, ਰਿਆਇਤ ਨਹੀਂ। ਇੱਕ ਐਸਾ ਪ੍ਰਣਾਲੀ ਜੋ ਪੈਸੇ ਨਾਲੋਂ ਯੋਗਦਾਨ ਨੂੰ ਤਰਜੀਹ ਦੇਵੇ, ਉਹ ਦੋਹਾਂ — ਬਰਤਾਨੀਆ ਅਤੇ ਭਾਰਤ — ਲਈ ਮਜ਼ਬੂਤੀ ਲਿਆਏਗੀ।"1938 ਵਿਚ ਸਥਾਪਤ, ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੱਖਣੀ ਏਸ਼ੀਆਈ ਮਜ਼ਦੂਰਾਂ, ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਯੂਕੇ ਭਰ ਵਿਚ ਸਮਾਨਤਾ, ਮਜ਼ਦੂਰ ਹੱਕਾਂ ਅਤੇ ਸਮਾਜਕ ਨਿਆਂ ਲਈ ਅਭਿਆਨ ਚਲਾਂਦੀ ਹੈ।

# ਸਾਹਿਤਕਾਰ ਤੇ ਸਾਇੰਸ ਅਧਿਆਪਕ ਤੇਜਿੰਦਰ ਸਿੰਘ ਬਾਜ ਦਾ ਅਧਿਆਪਕ ਰਾਜ ਪੁਰਸਕਾਰ ਨਾਲ ਸਨਮਾਨਿਤ



ਸਰਕਾਰੀ ਹਾਈ ਸਕੂਲ ਬਰਸਾਲਪੁਰ ਵਿਖੇ ਸੇਵਾ ਨਿਭਾ ਰਹੇ ਉੱਘੇ ਸਾਹਿਤਕਾਰ ਅਤੇ ਵਿਗਿਆਨ ਅਧਿਆਪਕ ਤੇਜਿੰਦਰ ਸਿੰਘ ਬਾਜ ਨੂੰ ਪੰਜਾਬ ਸਰਕਾਰ ਵੱਲੋਂ"ਅਧਿਆਪਕ ਰਾਜ ਪੁਰਸਕਾਰ" ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਵਿਸ਼ਵ ਅਧਿਆਪਕ ਦਿਵਸ ਦੇ ਮੌਕੇ ਵਿਰਾਸਤ-ਏ-ਖ਼ਾਲਸਾ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਵੱਲੋਂ ਪ੍ਰਦਾਨ ਕੀਤਾ ਗਿਆ। ਤੇਜਿੰਦਰ ਸਿੰਘ ਬਾਜ ਨੇ ਦੱਸਿਆ ਕਿ ਉਨ੍ਹਾਂ ਦੀ ਵਿਗਿਆਨਕ ਨਾਟਕਾਂ ਦੀ ਕਿਤਾਬ 'ਚਾਨਣ ਵਰਗਾ ਸੱਚ' ਸਿੱਖਿਆ ਵਿਭਾਗ ਵੱਲੋਂ ਤਿੰਨ ਵਾਰ ਲਗਾਤਾਰ ਸਕੂਲੀ ਲਾਇਬ੍ਰੇਰੀਆਂ ਲਈ ਚੁਣੀ ਗਈ ਹੈ। ਉਨ੍ਹਾਂ ਦੇ ਵਿਦਿਆਰਥੀਆਂ ਨੇ ਐੱਨਐੱਮਐੱਮਐੱਸ ਪ੍ਰੀਖਿਆਵਾਂ ਪਾਸ ਕੀਤੀਆਂ ਹਨ ਅਤੇ ਹਰ ਸਾਲ ਸੂਬਾ ਪੱਧਰ 'ਤੇ ਵਿਗਿਆਨਕ ਨਾਟਕ ਮੁਕਾਬਲਿਆਂ ਵਿੱਚ ਭਾਗ ਲੈਂਦੇ ਹਨ। ਪਿਛਲੇ ਸਾਲ ਉਨ੍ਹਾਂ ਦੀ ਟੀਮ ਨੇ ਨੈਸ਼ਨਲ ਸਾਇੰਸ ਸੈਂਟਰ ਵਿੱਚ "ਉੱਤਮ ਡਰਾਮਾ" ਅਤੇ "ਬੈਸਟ ਸਕ੍ਰਿਪਟ" ਅਵਾਰਡ ਹਾਸਲ ਕੀਤਾ ਸੀ, ਜਦਕਿ ਉਨ੍ਹਾਂ ਦੀ ਇਕ ਵਿਦਿਆਰਥਣ ਦਾ ਨਾਮ ਮੈਰਿਟ ਸੂਚੀ ਵਿੱਚ ਵੀ ਸ਼ਾਮਲ ਹੋਇਆ।ਉਨ੍ਹਾਂ ਨੇ ਸਕੂਲ ਦੀ ਸੁੰਦਰਤਾ ਅਤੇ ਵਿਕਾਸ ਵੱਲ ਵਿਸ਼ੇਸ਼ ਯੋਗਦਾਨ ਪਾਇਆ ਹੈ। ਬਾਜ ਨੇ ਆਪਣੇ ਯਤਨਾਂ ਨਾਲ ਸਕੂਲ ਵਿੱਚ ਸਟੇਜ ਤਿਆਰ ਕਰਵਾਇਆ, ਕੰਧਾਂ ਉੱਤੇ ਸਿੱਖਿਆ ਪ੍ਰੇਰਕ ਚਿੱਤਰ ਬਣਵਾਏ, ਈਕੋ ਕਲੱਬ ਪਾਰਕ ਦੀ ਸ਼ੁਰੂਆਤ ਕੀਤੀ, ਲੋੜਵੰਦ ਵਿਦਿਆਰਥੀਆਂ ਨੂੰ ਸਾਈਕਲਾਂ ਦਿੱਤੀਆਂ ਅਤੇ ਅਗਨੀਵੀਰ ਭਰਤੀ ਲਈ ਤਿਆਰੀ ਕਰਵਾਕੇ ਸੱਤ ਵਿਦਿਆਰਥੀਆਂ ਦੀ ਚੋਣ ਯਕੀਨੀ ਬਣਾਈ। ਉਹ ਹਰ ਸਾਲ ਸਮਰ ਕੈਂਪ ਆਯੋਜਿਤ ਕਰਦੇ ਹਨ, ਜਿਸ ਰਾਹੀਂ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਦੀ ਸਿਖਲਾਈ ਦਿੰਦੇ ਹਨ। ਇਸ ਤੋਂ ਇਲਾਵਾ, ਬੈਂਕ ਅਤੇ ਪੋਸਟ ਆਫਿਸ ਵਿਜ਼ਿਟ ਰਾਹੀਂ ਵਿਦਿਆਰਥੀਆਂ ਨੂੰ ਪ੍ਰਯੋਗਿਕ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ। ਅਖ਼ੀਰ ਵਿੱਚ ਤੇਜਿੰਦਰ ਸਿੰਘ ਬਾਜ ਨੇ ਪੰਜਾਬ ਸਰਕਾਰ, ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੇਮ ਕੁਮਾਰ ਮਿੱਤਲ, ਡਾਇਟ ਪ੍ਰਿੰਸੀਪਲ ਮੋਨਿਕਾ ਭੁਟਾਨੀ, ਪ੍ਰਿੰਸੀਪਲ ਵਰਿੰਦਰ ਸ਼ਰਮਾ ਅਤੇ ਸਮੂਹ ਸਿੱਖਿਆ ਵਿਭਾਗ ਦਾ ਧੰਨਵਾਦ ਕੀਤਾ।

**ਸੁਖਵਿੰਦਰ ਸਿੰਘ ਹੈਪੀ**
**ਮੋਰਿੰਡਾ**
9417820000

# ਰੋਟਰੀ ਕਲੱਬ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਵਰਲਡ ਪੋਲੀਓ ਦਿਵਸ ਨੂੰ ਸਮਰਪਿਤ ਪੋਲੀਉ ਜਾਗਰੁਕਤਾ ਸੈਮੀਨਾਰ

**ਨਵਾਸ਼ਹਿਰ /ਬੰਗਾ (ਜਤਿੰਦਰ ਪਾਲ ਸਿੰਘ ਕਲੇਰ )** ਸਮਾਜ ਸੇਵਾ ਨੂੰ ਸਮਰਪਿਤ ਰੋਟਰੀ ਕਲੱਬ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਰੋਟਰੀ ਇੰਟਰਨੈਸ਼ਨਲ ਦੇ ਮਿਸ਼ਨ "ਐਂਡ ਪੋਲੀਓ ਨਾਓ" ਅਧੀਨ 'ਵਰਲਡ ਪੋਲੀਓ ਡੇ' ਨੂੰ ਸਮਰਪਿਤ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਤੇ ਕਲੱਬ ਦੇ ਪ੍ਰਧਾਨ ਪ੍ਰਧਾਨ ਸ੍ਰੀ ਪਰਵੀਨ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮਿਸ਼ਨ "ਐਂਡ ਪੋਲੀਓ ਨਾਓ" ਅਧੀਨ ਹੋ ਰਹੇ ਜਾਗਰੂਕਤਾ ਸੈਮੀਨਾਰ ਬਾਰੇ ਜਾਣਕਾਰੀ ਦਿੱਤੀ । ਉਹਨਾਂ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮੁੱਖ ਪ੍ਰਬੰਧਕ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦਾ ਸੈਮੀਨਾਰ ਨੂੰ ਕਾਮਯਾਬ ਕਰਨ ਲਈ ਵਿਸ਼ੇਸ਼ ਸਹਿਯੋਗ ਦੇਣ ਲਈ ਹਾਰਦਿਕ ਧੰਨਵਾਦ ਵੀ ਕੀਤਾ । ਉਪਰੰਤ ਰੋਟਰੀ ਡਿਸਟ੍ਰਿਕਟ 3070 ਦੇ ਰਿਜਨਲ ਚੇਅਰ ਐਂਡ ਪੋਲੀਓ ਸ੍ਰੀ ਰਾਜ ਕੁਮਾਰ ਬਜਾੜ ਨੇ ਇੰਟਰਨੈਸ਼ਨਲ ਦੇ "ਐਂਡ ਪੋਲੀਓ ਨਾਉ " ਮਿਸ਼ਨ ਦੀ ਅਹਿਮੀਅਤ ਬਾਰੇ ਦੱਸਿਆ ਅਤੇ ਦੁਨੀਆਂ ਭਰ ਨੂੰ ਪੋਲੀਉ ਮੁਕਤ ਕਰਨ ਲਈ ਰੋਟਰੀ ਕਲੱਬ ਕੀਤੇ ਉੱਦਮਾਂ ਬਾਰੇ ਜਾਣਕਾਰੀ ਦਿੱਤੀ । ਸੈਮੀਨਾਰ ਦੇ ਮੁੱਖ ਬੁਲਾਰੇ ਸਾਬਕਾ ਲੈਫਟੀਨੈਂਟ ਕਰਨਲ ਸ. ਸ਼ਰਨਜੀਤ ਸਿੰਘ ਮੀਤ ਪ੍ਰਧਾਨ ਰੋਟਰੀ ਕਲੱਬ ਬੰਗਾ ਵੱਲੋਂ ਸਲਾਈਡ ਸ਼ੋਅ ਰਾਹੀਂ



ਹਸਪਤਾਲ ਢਾਹਾਂ ਕਲੇਰਾਂ ਵਿਖੇ ਵਰਲਡ ਪੋਲੀਓ ਦਿਵਸ ਨੂੰ ਸਮਰਪਿਤ ਪੋਲੀਉ ਜਾਗਰੁਕਤਾ ਸੈਮੀਨਾਰ ਦੀਆਂ ਤਸਵੀਰਾਂ।

ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰੋਟਰੀ ਇੰਟਰਨੈਸ਼ਨਲ ਨੇ ਲੋਕ ਸੇਵਾ ਦਾ ਇਹ ਮਿਸ਼ਨ ਸਾਲ 1979 ਵਿੱਚ ਫਿਲੀਪੀਨਜ਼ ਦੇਸ਼ ਤੋਂ ਆਰੰਭ ਕੀਤਾ ਸੀ ਅਤੇ 1985 ਤੋਂ ਪੂਰੀ ਦੁਨੀਆਂ ਨੂੰ ਪੋਲੀਉ ਮੁਕਤ ਕਰਨ ਲਈ ਇਸ ਮਿਸ਼ਨ ਤੇ ਲਗਾਤਾਰ ਕੰਮ ਕਰ ਰਿਹਾ ਹੈ । ਇਸ ਲਈ ਦੁਨੀਆਂ ਭਰ ਦੇ ਸਾਰੇ ਦੇਸ਼ਾਂ ਨੂੰ ਰੋਟਰੀ ਇੰਟਰਨੈਸ਼ਨਲ ਵੱਲੋਂ ਪੋਲੀਓ ਦੀ ਵੈਕਸੀਨ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ । ਹੁਣ ਤੱਕ ਐਂਡ ਪੋਲੀਓ ਮਿਸ਼ਨ 'ਤੇ 2.5 ਮਿਲੀਅਨ ਡਾਲਰ ਖ਼ਰਚ ਆ ਚੁੱਕਾ ਹੈ ਅਤੇ ਪੋਲੀਓ ਬਿਮਾਰੀ ਨੂੰ ਜੜੋਂ ਖਤਮ ਕਰਨ ਤੱਕ ਲਗਾਤਾਰ ਇਹ ਮਿਸ਼ਨ ਨਿਰੰਤਰ ਚੱਲਦਾ ਰਹੇਗਾ । ਉਨ੍ਹਾਂ ਨੇ ਦੱਸਿਆ ਕਿ ਇਸ ਸਾਲ 2025 ਵਿਚ ਪੋਲੀਓ ਦੇ ਸਿਰਫ 36 ਨਵੇਂ ਕੇਸ ਮਿਲੇ ਹਨ, ਜਿਨ੍ਹਾਂ ਵਿੱਚ 29 ਪਾਕਿਸਤਾਨ ਅਤੇ 7 ਅਫ਼ਗਾਨਿਸਤਾਨ ਵਿੱਚ ਹਨ । ਜਦ ਕਿ 1980 ਦੇ ਦਹਾਕੇ ਦੀ ਗੱਲ ਕਰੀਏ ਤਾਂ ਉਸ ਸਮੇਂ ਹਰ ਸਾਲ ਪੋਲੀਓ ਦੇ 3.5 ਲੱਖ ਨਵੇਂ ਮਰੀਜ਼ ਮਿਲਦੇ ਸਨ । ਮੁੱਖ ਬੁਲਾਰੇ ਸ਼ਰਨਜੀਤ ਸਿੰਘ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਅਗਲੇ 4 ਸਾਲਾਂ ਵਿੱਚ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਪੂਰੀ ਦੁਨੀਆਂ ਤੋਂ ਪੋਲੀਓ ਦੀ ਬਿਮਾਰੀ ਨੂੰ ਖ਼ਤਮ ਕਰ ਦਿੱਤਾ ਜਾਵੇਗਾ । ਹਸਪਤਾਲ ਦੇ ਨਰਸਿੰਗ ਸੁਪਰਡੈਂਟ ਮੈਡਮ ਦਵਿੰਦਰ ਕੌਰ ਨੇ ਰੋਟਰੀ ਕਲੱਬ ਬੰਗਾ ਦਾ ਪੋਲੀਉ ਜਾਗਰੁਕਤਾ ਸੈਮੀਨਾਰ ਕਰਵਾਉਣ ਲਈ ਧੰਨਵਾਦ ਕੀਤਾ । ਇਸ ਸੈਮੀਨਾਰ ਵਿੱਚ ਰੋਟਰੀ ਕਲੱਬ ਬੰਗਾ ਦੇ ਮੈਂਬਰਾਂ ਤੋਂ ਇਲਾਵਾ ਸ੍ਰੀ ਵਿਜੇ ਗੁਣਾਚੌਰ ਸੀਨੀਅਰ ਮੈਂਬਰ ਕਲੱਬ, ਮੈਡਮ ਰਸ਼ਪਾਲ ਕੌਰ, ਸ੍ਰੀ ਮਨਜੀਤ ਸਿੰਘ ਬੇਦੀ ਇੰਚਾਰਜ ਬਲੱਡ ਸੈਂਟਰ, ਸ੍ਰੀ ਵੇਦ ਪ੍ਰਕਾਸ਼ ਇੰਚਾਰਜ ਰੇਡੀਉਲੋਜੀ ਵਿਭਾਗ, ਸਮੂਹ ਵਾਰਡ ਇੰਚਾਰਜ, ਸਮੂਹ ਸਟਾਫ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ ।

# ਜਮਹੂਰੀ ਅਧਿਕਾਰ ਸਭਾ ਦੀ ਅਗਵਾਈ ਵਿੱਚ ਜਥੇਬੰਦੀਆਂ ਦੀ ਜਬਰ ਖਿਲਾਫ ਹੋਈ ਮੀਟਿੰਗ, ਕੀਤਾ ਮੁਜਾਹਰਾ

**ਸੰਗਰੂਰ।** ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਦੀ ਅਗਵਾਈ ਵਿੱਚ ਵੱਖ ਵੱਖ ਜਨਤਕ, ਜਮਹੂਰੀ, ਮਜ਼ਦੂਰ ਕਿਸਾਨ ਅਤੇ ਮੁਲਾਜਮ ਜਥੇਬੰਦੀਆਂ ਦੀ ਇਕੱਤਰਤਾ ਸਥਾਨਕ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਹੋਈ। ਜਿਸ ਵਿੱਚ ਸਾਰੀਆਂ ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁਨ੍ਹਾਂ ਨੇ ਸਮੂਲੀਅਤ ਕੀਤੀ।ਮੀਟਿੰਗ ਦੀ ਪ੍ਰਧਾਨਗੀ ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਨੇ ਕੀਤੀ ਜਦੋਂ ਕੇ ਕਾਰਵਾਈ ਕੁਲਦੀਪ ਸਿੰਘ ਸਕੱਤਰ ਵੱਲੋਂ ਕੀਤੀ ਗਈ। ਸੂਬਾ ਆਗੂ ਸਵਰਨਜੀਤ ਸਿੰਘ ਨੇ ਵਿਸ਼ੇਸ ਸਮੂਲੀਅਤ ਕੀਤੀ ਅਤੇ ਅੱਜ ਦੀ ਮੀਟਿੰਗ ਦੀ ਲੋੜ ਅਤੇ ਇਸ ਵਿੱਚ ਵਿਚਾਰਨ ਲਈ ਰੱਖੇ ਮੁੱਦਿਆਂ ਤੇ ਗਹਿਰਾਈ ਨਾਲ ਗੱਲਬਾਤ ਕੀਤੀ।ਆਗੂਆਂ ਵੱਲੋਂ ਪੰਜਾਬ ਅਤੇ ਕੇਂਦਰ ਸਰਕਾਰ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਲੱਦਾਖ ਖੇਤਰ ਦੇ ਮੁੱਦਿਆਂ ਲਈ ਸਾਂਤਮਈ ਸੰਘਰਸ਼ ਕਰ ਰਹੇ ਸੋਨਮ ਵਾਂਗਚੂਕ ਤੇ ਐੱਨ ਐੱਸ ਏ ਲਗਾ ਕੇ ਜੇਲ ਵਿੱਚ ਬੰਦ ਕਰਨਾ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਅਣਐਲਾਨੀ ਬੰਦਿਸ਼ ਲਾਉਣ, ਸੁਪਰੀਮ ਕੋਰਟ ਦੇਚੀਫ ਜਸਟਿਸ ਜੋ ਦਲਿਤ ਭਾਈਚਾਰੇ ਨਾਲ ਸਬੰਧਤ ਹੈ ਤੇ ਅਖੌਤੀ ਉਚ ਜਾਤੀ ਦੇ ਵਕੀਲ ਵੱਲੋਂ ਸੁੱਟੀ ਜੁੱਤੀ ਤੋਂ ਇਲਾਵਾ ਸਰਕਾਰੀ ਸਹਿ ਤੇ ਹੋ ਰਹੇ ਅਨੇਕਾਂ ਜਬਰ ਜ਼ੁਲਮਾਂ,ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਤੇ ਹੁੰਦੇ ਰੋਜ਼ਾਨਾ ਦੇ ਜਬਰ ਅਤੇ ਲਾਠੀਚਾਰਜਾਂ ਤੇ ਗਲਬਾਤ ਬਾਤ ਕਰਦਿਆਂ ਇਸ ਨੂੰ ਲੋਕਤੰਤਰ ਦਾ ਦਿਨ ਦਿਹਾੜੇ ਹੋ ਰਿਹਾ ਘਾਣ ਗਰਦਾਨਿਆ ਅਤੇ ਜੇਲ੍ਹਾਂ ਵਿੱਚ ਅਣਮਨੁੱਖੀ





ਤਰੀਕੇ ਨਾਲ ਨਜ਼ਰਬੰਦ ਸੋਨਮ ਵਾਂਗਚੁਕ ਨੂੰ ਤੁਰੰਤ ਰਿਹਾ ਕਰਨ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਲਾਈ ਪਾਬੰਦੀ ਹਟਾਉਣ ਅਤੇ ਜੁੱਤੀ ਸੁੱਟਣ ਵਾਲੇ ਫਿਰਕੂ ਵਕੀਲ ਤੇ ਸਖ਼ਤ ਕਾਰਵਾਈ ਕਰਨ ਅਤੇ ਗੈਰ ਮਨੁੱਖੀ ਜਬਰ ਦੇ ਵਰਤਾਰੇ ਨੂੰ ਬੰਦ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਗੁਰੂ ਤੇਗ ਬਹਾਦਰ ਦੀ ਜਮਹੂਰੀਅਤ ਲਈ ਦਿੱਤੀ ਅਦੁੱਤੀ ਕੁਰਬਾਨੀ ਦੇ 350 ਸਾਲਾਂ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਤੇ ਇਹਨਾਂ ਸਰਕਾਰੀ ਜਬਰ ਅਤੇ ਧੱਕਿਆ ਖਿਲਾਫ ਰੋਸ ਮੁਜਾਹਰਾ ਕਰਨ ਦਾ ਫੈਸਲਾ ਵੀ ਕੀਤਾ ਗਿਆ।ਇਸ ਤੋਂ ਬਾਅਦ ਬਰਨਾਲਾ ਕੈਂਚੀਆਂ ਵਿੱਚ ਜਮਹੂਰੀ ਕਾਰਕੁਨ੍ਹਾਂ ਵੱਲੋਂ ਸੰਕੇਤਕ ਮੁਜਾਹਰਾ ਕਰਦਿਆਂ ਲੋਕਤੰਤਰ ਦੇ ਹੋ ਰਹੇ ਘਾਣ ਲਈ ਸਰਕਾਰ ਖਿਲਾਫ ਨਾਹਰੇਬਾਜੀ ਕੀਤੀ ਗਈ। ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਬਸੇਸਰ ਰਾਮ, ਵਿਤ ਸਕੱਤਰ ਮਨਧੀਰ ਸਿੰਘ ਰਾਜੋਮਾਜਰਾ,ਜੋਇੰਟ ਸਕੱਤਰ ਕੁਲਵਿੰਦਰ ਬੰਟੀ, ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ(ਦਿਗਵਿਜੈ ਸਬੰਧਤ) ਦੇ ਦਾਤਾ ਸਿੰਘ ਨਮੋਲ,ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੁੱਖਵਿੰਦਰ ਗਿਰ, ਦੇਸ਼ ਭਗਤ ਯਾਦਗਾਰ ਦੇ ਬਲਬੀਰ ਲੌਂਗੋਵਾਲ, ਤਰਕਸ਼ੀਲ ਸੁਸਾਈਟੀ ਦੇ ਜੁਝਾਰ ਲੌਂਗੋਵਾਲ, ਗੁਰਦੀਪ ਸਿੰਘ,ਕਿਰਤੀ ਕਿਸਾਨ ਯੂਨੀਅਨ ਦੇ ਭਜਨ ਢੱਡਰੀਆਂ, ਜਰਨੈਲ ਸਿੰਘ ਜਹਾਂਗੀਰ, ਭਾਰਤੀ ਕਿਸਾਨ ਯੂਨੀਅਨ (ਡਕਾਉਂਦਾ) ਦੇ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਨਮੋਲ,ਨੌਜਵਾਨ ਭਾਰਤ ਸਭਾ, ਟੈਕਨੀਕਲ ਇੰਪਲਾਈਜ਼ ਯੂਨੀਅਨ ਦੇ ਬਬਨਪਾਲ, ਨਿਰੰਜਣ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜਮਹੂਰੀ ਕਾਰਕੁਨ ਹਾਜ਼ਿਰ ਸਨ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**9417422349**

# ਗੁਰਦਰਸ਼ਨ ਸੈਣੀ ਨੇ ਸੀਤਲਾ ਮਾਤਾ ਮੰਦਿਰ ਧਨੋਨੀ 'ਚ ਹਾਜ਼ਰੀ ਭਰ ਕੇ ਸਰਬੱਤ ਦੇ ਭਲੇ ਲਈ ਕੀਤੀ ਅਰਦਾਸ

## ਮੰਦਰ ਕਮੇਟੀ ਨੂੰ 11 ਹਜ਼ਾਰ ਰੁਪਏ ਦੀ ਰਾਸ਼ੀ ਭੇਟ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਸੀਨੀਅਰ ਭਾਜਪਾ ਆਗੂ ਅਤੇ ਸਮਾਜ ਸੇਵੀ ਸ ਗੁਰਦਰਸ਼ਨ ਸਿੰਘ ਸੈਣੀ ਵੱਲੋਂ ਸੀਤਲਾ ਮਾਤਾ ਮੰਦਿਰ ਪਿੰਡ ਧਨੋਨੀ ਵਿਖੇ ਮਾਤਾ ਦੀ ਚੌਂਕੀ ਅਤੇ ਭੰਡਾਰੇ ਵਿੱਚ ਆਪਣੇ ਸਾਥੀਆਂ ਸਮੇਤ ਹਾਜ਼ਰੀ ਭਰੀ ਗਈ। ਇਸ ਮੌਕੇ ਉਹਨਾਂ ਮਾਤਾ ਰਾਣੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਵਿਸ਼ੇਸ਼ ਤੌਰ ਤੇ ਮਾਣ ਸਨਮਾਨ ਬਖਸ਼ਿਆ ਗਿਆ। ਇਸ ਮੌਕੇ ਸ੍ਰੀ ਸੈਣੀ ਨੇ ਕਿਹਾ ਕਿ ਸੰਗਤ ਦਾ ਹਿੱਸਾ ਬਣ ਕੇ ਮਨ ਨੂੰ ਬਹੁਤ ਖੁਸ਼ੀ ਮਿਲੀ ਹੈ। ਉਹਨਾਂ ਕਮੇਟੀ ਦੀ ਹੌਸਲਾ ਅਫਜਾਈ ਲਈ ਆਪਣੀ ਕਿਰਤ ਕਮਾਈ ਵਿੱਚੋਂ 11000 ਰੁਪਏ ਭੇਟ ਕਰਦਿਆਂ ਕਿਹਾ ਕਿ ਸਮਾਜ ਨੂੰ



ਧਾਰਮਿਕ ਕਾਰਜਾਂ ਨਾਲ ਜੋੜੇ ਰੱਖਣ ਲਈ ਅਜਿਹੇ ਉਪਰਾਲੇ ਕਰਨ ਵਾਲੀਆਂ ਕਮੇਟੀਆਂ ਦੀ ਹੌਸਲਾ ਅਫਜਾਈ ਕਰਨੀ ਚਾਹੀਦੀ ਹੈ।

ਇਸ ਮੌਕੇ ਉਹਨਾਂ ਨੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਸੱਚੀ ਸੁੱਚੀ ਕਿਰਤ ਕਰ ਕੇ ਸਾਦਾ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ। ਸੈਣੀ ਨੇ ਕਿਹਾ ਕਿ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਸਾਰੇ ਧਾਰਮਿਕ ਤਿਉਹਾਰ ਮਿਲ ਕੇ ਧੂਮ ਧਾਮ ਨਾਲ ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਸਾਰੇ ਧਰਮ ਬਰਾਬਰ ਹੁੰਦੇ ਹਨ ਇਸ ਲਈ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਰਮ ਆਪਸੀ ਪ੍ਰੇਮ ਪਿਆਰ ਵਧਾਉਣ ਦੀ ਗੱਲ ਕਰਦੇ ਹਨ। ਇਸ ਲਈ ਧਰਮਾਂ ਦੀ ਪ੍ਰਫੁਲਤਾ ਲਈ ਵੱਧ ਤੋਂ ਵੱਧ ਜ਼ੋਰ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਨੂੰ ਮਿਲਜੁਲ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਏਕਤਾ 'ਚ ਹੀ ਤਾਕਤ ਹੁੰਦੀ ਹੈ ਜਿਸ ਨਾਲ ਅਸੀਂ ਵੱਡੀ ਤੋਂ ਵੱਡੀ ਮੁਸ਼ਕਲ ਦਾ ਸਾਹਮਣਾ ਆਸਾਨੀ ਨਾਲ ਕਰ ਸਕਦੇ ਹਾਂ। ਸਾਨੂੰ ਹਮੇਸ਼ਾ ਇਮਾਨਦਾਰੀ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ, ਕਿਸੇ ਨੂੰ ਧੋਖਾ ਨਹੀਂ ਦੇਣਾ ਚਾਹੀਦਾ, ਕਿਉਂਕਿ ਅਸੀਂ ਜੋ ਬੀਜਦੇ ਹਾਂ ਉਹੀ ਵੱਢਦੇ ਹਾਂ। ਇਸ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਪਿਆਰ ਤੇ ਭਾਈਚਾਰਾ ਕਾਇਮ ਰੱਖਣਾ ਚਾਹੀਦਾ ਹੈ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਿਆਂ ਸਾਰੇ ਤਿਉਹਾਰ ਮਿਲਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਤੇ ਦਵਿੰਦਰ ਸਿੰਘ ਧਨੌਨੀ, ਹਰਪ੍ਰੀਤ ਸਿੰਘ, ਮੇਜਰ ਸਿੰਘ ਪਰਾਗਪੁਰ , ਮਿੰਟੂ ਜੀ , ਬਬਲੀ ਸਰਪੰਚ , ਰਾਜਵੀਰ, ਧਰਮਾ ਤੇ ਹੋਰ ਪਤਵੰਤ ਸੱਜਣ ਮੌਜੂਦ ਸਨ।

for more news visit:
www.samajweekly.com

# ਡਾ. ਸੰਦੀਪ ਮੁੰਡੇ ਨੇ ਭਾਰਤੀ ਉੱਚ ਅਧਿਐਨ ਸੰਸਥਾਨ, ਸ਼ਿਮਲਾ ਵਿਖੇ ਆਯੋਜਿਤ ਰਾਸ਼ਟਰੀ ਸੈਮੀਨਾਰ ਵਿੱਚ ਇੱਕ ਤਕਨੀਕੀ ਸੈਸ਼ਨ ਦੀ ਅਗਵਾਈ ਕੀਤੀ ਅਤੇ ਖੋਜ ਪੱਤਰ ਪੇਸ਼ ਕੀਤਾ

**ਸ਼ਿਮਲਾ–** ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ ਦੇ ਪੰਜਾਬੀ ਅਤੇ ਡੋਗਰੀ ਵਿਭਾਗ ਦੇ ਮੁਖੀ ਡਾ. ਨਰੇਸ਼ ਕੁਮਾਰ ਦੀ ਸੰਯੋਜਨਾ ਅਤੇ ਕੁਸ਼ਲ ਅਗੁਵਾਈ ਹੇਠ 'ਪੰਜਾਬ ਵਿੱਚ ਰਚਿਤ ਸਾਹਿਤ ਵਿੱਚ ਭਾਰਤੀ ਗਿਆਨ ਪਰੰਪਰਾ ਦਾ ਅਨੁਸ਼ੀਲਨ' ਵਿਸ਼ੇ 'ਤੇ 15 ਤੋਂ 17 ਅਕਤੂਬਰ, 2025 ਤੱਕ ਭਾਰਤੀ ਉੱਚ ਅਧਿਐਨ ਸੰਸਥਾਨ (IIAS), ਸ਼ਿਮਲਾ ਵਿਖੇ ਆਯੋਜਿਤ ਤਿੰਨ ਦਿਨਾਂ ਦੇ ਰਾਸ਼ਟਰੀ ਸੈਮੀਨਾਰ ਦਾ ਸਫਲਤਾਪੂਰਵਕ ਸਮਾਪਨ ਹੋਇਆ। ਇਸ ਤਿੰਨ ਦਿਨਾਂ ਦੇ ਸੈਮੀਨਾਰ ਦਾ ਉਦਘਾਟਨ 15 ਅਕਤੂਬਰ ਨੂੰ ਸੰਸਕ੍ਰਿਤ ਦੀ ਪ੍ਰਸਿੱਧ ਵਿਦੁਸ਼ੀ ਅਤੇ ਸੰਸਥਾਨ ਦੀ ਚੇਅਰਪਰਸਨ, ਪ੍ਰੋ. ਸ਼ਸ਼ੀ ਪ੍ਰਭਾ ਕੁਮਾਰ, ਡਾਇਰੈਕਟਰ ਪ੍ਰੋ. ਹਿਮਾਂਸ਼ੂ ਕੁਮਾਰ ਚਤੁਰਵੇਦੀ, ਬੀਜ ਵਕਤਾ ਪਦਮਸ਼੍ਰੀ ਪ੍ਰੋਫੈਸਰ ਹਰਮਹਿੰਦਰ ਸਿੰਘ ਬੇਦੀ ਅਤੇ ਸਕੱਤਰ ਸ੍ਰੀ ਮੇਹਰਚੰਦ ਨੇਗੀ ਦੇ ਹੱਥਾਂ ਦੀਪ ਪ੍ਰਜਵਲਿਤ ਕਰਕੇ ਕੀਤਾ ਗਿਆ। ਇਸ ਸੈਮੀਨਾਰ ਲਈ ਅੱਠ ਰਾਜਾਂ ਦੇ 12 ਯੂਨੀਵਰਸਿਟੀਆਂ ਤੋਂ ਕੁੱਲ 60 ਤੋਂ ਵੱਧ ਖੋਜ ਪੱਤਰ ਪ੍ਰਾਪਤ ਹੋਏ ਸਨ, ਜਿਨ੍ਹਾਂ ਦੀ ਸਕ੍ਰੀਨਿੰਗ ਤੋਂ ਬਾਅਦ ਔਨਲਾਈਨ ਅਤੇ ਔਫਲਾਈਨ ਦੋਨੋਂ ਮਾਧਿਅਮਾਂ ਰਾਹੀਂ 32 ਵਿਦਵਾਨਾਂ ਨੂੰ ਵੱਖ-ਵੱਖ ਸੈਸ਼ਨਾਂ ਵਿੱਚ ਖੋਜ ਪੱਤਰ



ਪੜ੍ਹਨ ਲਈ ਸੱਦਾ ਦਿੱਤਾ ਗਿਆ ਸੀ। ਇਸ ਰਾਸ਼ਟਰੀ ਸੈਮੀਨਾਰ ਵਿੱਚ ਰਾਜਸਥਾਨ ਰਾਜ ਤੋਂ ਇਕਲੌਤੇ ਪ੍ਰਤੀਭਾਗੀ ਵਜੋਂ ਗੁਰੂ ਹਰਿਗੋਬਿੰਦ ਸਾਹਿਬ ਪੀ.ਜੀ. ਕਾਲਜ, ਸੀ.ਸੀ. ਹੈੜ ਦੇ ਪ੍ਰਿੰਸੀਪਲ ਅਤੇ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ ਦੇ ਸੰਯੋਜਕ ਡਾ. ਸੰਦੀਪ ਸਿੰਘ ਮੁੰਡੇ ਨੇ ਦੋਹਰੀ ਸਰਗਰਮ ਭੂਮਿਕਾ ਨਿਭਾਈ। ਉਨ੍ਹਾਂ ਨੇ ਸੈਮੀਨਾਰ ਵਿੱਚ 'ਨਾਨਕ ਸਿੰਘ ਦੀ ਨਾਵਲ-ਕਲਾ ਅਤੇ ਭਾਰਤੀ ਗਿਆਨ-ਪਰੰਪਰਾ: ਇੱਕ



ਅਧਿਐਨ' ਸਿਰਲੇਖ ਹੇਠ ਆਪਣਾ ਖੋਜ ਪੱਤਰ ਪੇਸ਼ ਕੀਤਾ। ਇਸ ਖੋਜ ਪੱਤਰ ਵਿਚ ਉਨ੍ਹਾਂ ਨੇ ਨਾਨਕ ਸਿੰਘ ਦੇ ਨਾਵਲਾਂ ਵਿੱਚ ਪੇਸ਼ ਭਾਰਤੀ ਗਿਆਨ ਪਰੰਪਰਾ ਦੇ ਵਿਭਿੰਨ ਪਹਿਲੂਆਂ ਦਾ ਵਿਸ਼ਲੇਸ਼ਣ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਸੈਮੀਨਾਰ ਦੇ ਇੱਕ ਤਕਨੀਕੀ ਸੈਸ਼ਨ ਦੀ ਅਗਵਾਈ ਵੀ ਕੀਤੀ। ਸੈਮੀਨਾਰ ਦੇ ਸਮਾਪਨੀ ਸਮਾਰੋਹ ਦੀ ਅਗਵਾਈ ਪ੍ਰਸਿੱਧ ਰਾਸ਼ਟਰੀ ਚਿੰਤਕ, ਵਿਚਾਰਕ, ਸਾਹਿਤਕਾਰ, ਆਲੋਚਕ ਅਤੇ ਹਰਿਆਣਾ ਸਾਹਿਤ ਅਤੇ ਸਭਿਆਚਾਰ ਅਕਾਦਮੀ ਦੇ ਉਪ-ਪ੍ਰਧਾਨ ਪ੍ਰੋ. ਕੁਲਦੀਪ ਚੰਦ ਅਗਨੀਹੋਤਰੀ ਜੀ ਨੇ ਕੀਤੀ। ਉਨ੍ਹਾਂ ਨੇ ਕਿਹਾ ਕਿ ਵੇਦਾਂ ਤੋਂ ਹੀ ਪੂਰੀ ਦੁਨੀਆ ਵਿੱਚ ਭਾਰਤੀ ਗਿਆਨ ਪਰੰਪਰਾ ਦਾ ਪ੍ਰਚਾਰ ਹੋਇਆ ਹੈ। ਪੰਜਾਬ ਵਿੱਚ ਹੀ ਵੇਦਾਂ ਦੀ ਰਚਨਾ ਹੋਈ ਸੀ, ਜਿਨ੍ਹਾਂ ਨੂੰ ਸਪਤ ਸਿੰਧੂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਹਿ-ਸੰਯੋਜਕ ਡਾ. ਰਾਜਕੁਮਾਰ ਉਪਾਧਿਆਏ 'ਮਣੀ' ਨੇ ਸੈਮੀਨਾਰ ਦੀ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ, ਜਦਕਿ ਡਾ. ਰਾਜੀਵ ਕੁਮਾਰ ਸ਼ਰਮਾ ਨੇ ਧੰਨਵਾਦ ਜ਼ਾਹਰ ਕੀਤਾ।

# ਆਸ਼ਾ ਕਿਰਨ ਸਕੂਲ ਵਿਖੇ ਮੁਫ਼ਤ ਮੈਡੀਕਲ ਕੈਂਪ ਅੱਜ



**ਹੁਸ਼ਿਆਰਪੁਰ, (ਤਰਸੇਮ ਦੀਵਾਨਾ) –** ਵਰਧਮਾਨ ਯਾਰਨ ਐਂਡ ਥ੍ਰੈੱਡ ਕੰਪਨੀ, ਵਰਲਡ ਕੈਂਸਰ ਕੇਅਰ ਦੇ ਸਹਿਯੋਗ ਨਾਲ, 27 ਅਕਤੂਬਰ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਵਿਖੇ ਮੁਫ਼ਤ ਕੈਂਸਰ ਅਤੇ ਅੱਖਾਂ ਦਾ ਮੈਡੀਕਲ ਕੈਂਪ ਲਗਾ ਰਹੀ ਹੈ। ਕੈਂਪ ਵਿੱਚ ਕੈਂਸਰ ਦੇ ਲੱਛਣਾਂ ਦੀ ਜਾਂਚ ਅਤੇ ਸ਼ੁਰੂਆਤੀ ਰੋਕਥਾਮ ਬਾਰੇ ਜਾਣਕਾਰੀ ਦੇ ਨਾਲ-ਨਾਲ ਮੁਫ਼ਤ ਅੱਖਾਂ ਦੀ ਜਾਂਚ ਅਤੇ ਲੋੜਵੰਦਾਂ ਨੂੰ ਐਨਕਾਂ ਦੀ ਵੰਡ ਵੀ ਕੀਤੀ ਜਾਵੇਗੀ। ਕੈਂਪ ਵਿੱਚ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਟੈਸਟ, ਮੈਮੋਗ੍ਰਾਫੀ ਟੈਸਟ ਅਤੇ ਔਰਤਾਂ ਲਈ ਵੱਖ-ਵੱਖ ਟੈਸਟ ਵੀ ਸ਼ਾਮਲ ਹੋਣਗੇ। ਆਸ਼ਾਦੀਪ ਵੈਲਫੇਅਰ ਸੋਸਾਇਟੀ ਨੇ ਸ਼ਹਿਰ ਵਾਸੀਆਂ ਨੂੰ ਕੈਂਪ ਵਿੱਚ ਸ਼ਾਮਲ ਹੋਣ ਅਤੇ ਟੈਸਟ ਕਰਵਾਉਣ ਦੀ ਅਪੀਲ ਕੀਤੀ ਹੈ। ਜਾਣਕਾਰੀ ਦੇਣ ਸਮੇਂ ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਸ੍ਰੀਮਤੀ ਸਮਰਿਤੀ ਸ਼ੈਲੀ, ਸਕੱਤਰ ਕਰਨਲ ਗੁਰਮੀਤ ਸਿੰਘ, ਸਰਪ੍ਰਸਤ ਪਰਮਜੀਤ ਸਿੰਘ ਸਚਦੇਵਾ, ਸੀ.ਏ ਤਰਨਜੀਤ ਸਿੰਘ, ਮਸਤਾਨ ਸਿੰਘ ਗਰੇਵਾਲ, ਮਲਕੀਤ ਸਿੰਘ ਮਹੇਦੂ, ਹਰੀਸ਼ ਚੰਦਰ ਐਰੀ, ਰਾਮ ਆਸਰਾ, ਲੋਕੇਸ਼ ਖੰਨਾ, ਹਰਮੇਸ਼ ਸ਼ਰਮਾ ਵਰਲਡ ਤੋਂ ਪ੍ਰਿੰ: ਸ਼ਰਮਾ, ਡੀ.ਸੀ. ਕੈਂਸਰ ਕੇਅਰ ਸੁਸਾਇਟੀ, ਮੈਨੇਜਿੰਗ ਡਾਇਰੈਕਟਰ ਪੂਜਾ ਮਾਹੀ, ਜਸਪ੍ਰੀਤ ਸਿੰਘ, ਮਨਦੀਪ, ਅਮਨਪ੍ਰੀਤ ਕੌਰ, ਡਾ: ਪ੍ਰਭਜੋਤ ਕੌਰ, ਡਾ: ਸੁਖਦੇਵ ਆਦਿ ਹਾਜ਼ਰ ਸਨ ਙ ਉਹਨਾਂ ਕਿਹਾ ਕਿ ਇਸ ਕੈਂਪ ਦਾ ਉਦਘਾਟਨ ਤਰੁਣ ਚਾਵਲਾ, ਸੀਐਫਓ ਡਾਇਰੈਕਟਰ ਵਰਧਮਾਨ ਲਿਮਟਿਡ ਵੱਲੋਂ ਕੀਤਾ ਜਾਵੇਗਾ।

**ਫੋਟੋ ਅਜਮੇਰ ਦੀਵਾਨਾ**

for more news visit:
www.samajweekly.com

# ਜਵੱਦੀ ਟਕਸਾਲ ਵਿਖੇ 350 ਸਾਲਾ ਸ਼ਤਾਬਦੀ ਦੇ ਸੰਬੰਧ 'ਚ ਹਫਤਾਵਾਰੀ ਸਮਾਗਮਾਂ ਦੀ ਆਰੰਭਤਾ ਹੋਈ

## ਧਰਮ ਦੀ ਆਜ਼ਾਦੀ ਲਈ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)–** ਪਰਮ ਸੰਤ ਬਾਬਾ ਸੁਚਾ ਸਿੰਘ ਜੀ ਵੱਲੋਂ ਗੁਰਬਾਣੀ ਪ੍ਰਚਾਰ ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਸਿਰਜਿਤ "ਜਵੱਦੀ ਟਕਸਾਲ" ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਨੇ ਅੱਜ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਗੁਰਤਾਗੱਦੀ ਦੇ ਸੰਬੰਧ 'ਚ ਹਫਤਾਵਾਰੀ ਸਮਾਗਮਾਂ ਦੀ ਆਰੰਭਤਾ ਲਈ ਸੰਗਤੀ ਰੂਪ 'ਚ ਅਰਦਾਸ ਕੀਤੀ। ਉਨ੍ਹਾਂ ਜੁੜੀਆਂ ਸੰਗਤਾਂ ਸਨਮੁੱਖ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਫੁਰਮਾਇਆ ਕਿ ਗੁਰੂ ਸਾਹਿਬਾਨ ਅਨੇਕਤਾ ਵਿੱਚ ਏਕਤਾ ਦੇ ਹਾਮੀ ਸਨ। ਉਹ ਸਮੁੱਚੀ ਮਾਨਵਤਾ ਨੂੰ ਅਜਿਹੀ ਗੁਲਜ਼ਾਰ ਦੇ ਰੂਪ ਵਿੱਚ ਵੇਖਣਾ ਚਾਹੁੰਦੇ ਸਨ ਜਿਸ ਵਿੱਚ ਭਾਂਤ-ਭਾਂਤ ਦੇ ਫੁੱਲ ਖਿੜਨ ਅਤੇ ਆਪੋ-ਆਪਣੀ ਗੁਣਾਂ ਰੂਪੀ ਖੁਸ਼ਬੂ ਵੰਡਣ। ਭਾਵ ਵੱਖ-ਵੱਖ ਧਰਮਾਂ, ਕੌਮਾਂ, ਸੱਭਿਆਚਾਰਾਂ ਦੇ ਲੋਕਾਂ ਨੂੰ ਧਾਰਮਿਕ ਤੇ ਸਮਾਜਿਕ



ਆਜ਼ਾਦੀ ਹੋਵੇ। ਉਨ੍ਹਾਂ ਫ਼ੁਰਮਾਇਆ ਕਿ ਗੁਰੂ ਸਾਹਿਬ ਜੀ ਦੇ ਸ਼ਬਦਾਂ ਵਿੱਚ ਕਿੰਨੀ ਵਿਸ਼ਾਲਤਾ ਝਲਕਦੀ ਹੈ। ਗੁਰੂ ਜੀ ਨੇ ਪਰਮਾਤਮਾ ਨੂੰ ਧਿਆਉਣ ਵਾਲਿਆਂ ਦਾ ਕਿੰਨਾ ਵਿਸ਼ਾਲ ਨਕਸ਼ਾ ਪੇਸ਼ ਕੀਤਾ। ਇਨੇ ਵਿਸ਼ਾਲ ਹਿਰਦੇ ਵਾਲੇ ਗੁਰੂ ਸਾਹਿਬਾਨ ਧਰਮ ਵਿੱਚ ਸੰਕੀਰਣਤਾ ਨੂੰ ਕਿਵੇਂ ਪ੍ਰਵਾਨ ਕਰ ਸਕਦੇ ਸਨ ? ਕਿਉਂਕਿ ਸਭਨਾਂ ਦੇ ਸੱਭਿਆਚਾਰ, ਰਸਮੋ-ਰਿਵਾਜ ਵੱਖੋ-ਵੱਖਰੇ ਹਨ, ਇਨ੍ਹਾਂ ਸਭ ਨੂੰ ਇੱਕ ਕਿਵੇਂ ਕੀਤਾ ਜਾ ਸਕਦਾ ਹੈ ? ਦਿੱਲੀ ਦੇ ਹਾਕਮਾਂ ਨੂੰ ਕੀ ਅਧਿਕਾਰ ਹੈ ਕਿ ਉਹ ਆਪਣੇ ਰਸਮੋ-ਰਿਵਾਜ ਸਾਰਿਆਂ ਉੱਪਰ ਥੋਪਣ ਦਾ ਹੀਆ ਕਰਨ ? ਔਰੰਗਜ਼ੇਬ ਦੀ ਏਕੀਕਰਨ ਦੀ ਨੀਤੀ ਵਿਰੁੱਧ ਧਰਮ ਦੀ ਆਜ਼ਾਦੀ ਲਈ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਸ਼ਹਾਦਤ ਦਿੱਤੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੱਕ ਸੱਚ ਨਿਆਂ ਅਤੇ ਧਾਰਮਿਕ ਆਜ਼ਾਦੀ ਦੀ ਖਾਤਰ ਜ਼ਾਲਮ ਹਕੂਮਤ ਵਿਰੁੱਧ ਸੰਘਰਸ਼ ਕਰਦਿਆਂ ਆਪਣਾ ਸਰਬੰਸ ਤੱਕ ਵਾਰ ਦਿੱਤਾ। ਬਾਬਾ ਜੀ ਨੇ ਸਪੱਸ਼ਟ ਕੀਤਾ ਕਿ ਜੇਕਰ ਦਸ਼ਮੇਸ਼ ਪਿਤਾ ਜੀ ਇਸ ਸੰਸਾਰ ਅੰਦਰ ਪ੍ਰਗਟ ਨਾ ਹੁੰਦੇ ਤਾਂ ਦੇਸ਼ ਅੰਦਰੋਂ ਕੁਦਰਤੀ ਵੰਨ- ਸਵੰਨਤਾ ਖਤਮ ਹੋ ਜਾਣੀ ਸੀ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜਵੱਦੀ ਟਕਸਾਲ ਵਿਖੇ ਹਰ ਹਫ਼ਤੇ 350 ਸਾਲਾ ਸ਼ਤਾਬਦੀ ਸਮਾਗਮਾਂ ਦੇ ਸੰਬੰਧ ਵਿੱਚ ਸਮਾਗਮ ਹੋਇਆ ਕਰਨਗੇ। ਗੁਰੂ ਕੇ ਲੰਗਰ ਅਤੁੱਟ ਵਰਤੇ।

# ਬਸੰਤ ਸਿੰਘ ਖਾਲਸਾ, ਮਾਤਾ ਬਲਵੀਰ ਕੌਰ ਦੀ ਨਿੱਘੀ ਯਾਦ 'ਚ ਰਾਸ਼ਨ ਵੰਡ ਸਮਾਰੋਹ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਨਾਰੀ ਏਕਤਾ ਆਸਰਾ ਸੰਸਥਾ ਵੱਲੋਂ ਸ੍ਰ: ਬਸੰਤ ਸਿੰਘ ਖਾਲਸਾ ਯਾਦਗਾਰੀ ਟ੍ਰਸਟ ਦੇ ਸਾਂਝੇ ਸਹਿਯੋਗ ਨਾਲ ਸਵ: ਬਸੰਤ ਸਿੰਘ ਖਾਲਸਾ ਸਾਬਕਾ ਮੰਤਰੀ ਪੰਜਾਬ ਸਰਕਾਰ ਅਤੇ ਮਾਤਾ ਬਲਵੀਰ ਕੌਰ ਦੀ ਨਿੱਘੀ ਤੇ ਮਿੱਠੀ ਸਲਾਨਾ ਯਾਦ ਵਿੱਚ ਰਾਸ਼ਨ ਵੰਡ ਸਮਾਰੋਹ ਗੁਰਦੁਆਰਾ ਅਕਾਲ ਸਾਹਿਬ, ਪ੍ਰਤਾਪ ਨਗਰ, ਗਲੀ ਨੰਬਰ ਇੱਕ ਵਿਖੇ ਸੰਸਥਾ ਦੇ ਮੁੱਖ ਸਲਾਹਕਾਰ ਅਤੇ ਕੌਂਸਲਰ ਸੋਹਣ ਸਿੰਘ ਗੋਗਾ ਦੀ ਅਗਵਾਈ ਵਿੱਚ ਅਯੋਜਿਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਬਿਕਰਮਜੀਤ ਸਿੰਘ ਖਾਲਸਾ ਨੇ ਲੋੜਵੰਦ ਵਿਧਵਾਵਾਂ ਨੂੰ ਰਾਸ਼ਨ ਵੰਡਣ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਸੰਸਥਾ ਨੇ ਸਮੂਹ ਮੈਂਬਰਾਂ ਵੱਲੋਂ ਮਨੁੱਖਤਾ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਨਾਲ ਇਨਸਾਨੀਅਤ ਦੀ ਮਿਸਾਲ ਕਾਇਮ ਕਰ ਰਹੇ ਹਨ। ਉਨ੍ਹਾਂ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਸੰਸਥਾਵਾਂ ਸਮਾਜ ਵਿੱਚ ਆਸ ਦੀ ਨਵੀਂ ਕਿਰਨ ਪੈਦਾ ਕਰਨ ਦੇ ਨਾਲ-ਨਾਲ ਹੌਸਲੇ ਦੀ ਲੋੜ ਨੂੰ ਵੀ ਪੂਰੀ ਕਰਦੀਆਂ ਹਨ। ਉਨ੍ਹਾਂ ਲੋਕਾਂ ਨੂੰ ਅੱਗੇ ਆ ਕੇ ਇਸ ਕੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ। ਕੌਂਸਲਰ ਸੋਹਣ ਸਿੰਘ ਗੋਗਾ ਅਤੇ ਸੰਸਥਾ ਦੀ ਚੇਅਰਪਰਸਨ ਕੁਲਵਿੰਦਰ ਕੌਰ ਗੋਗਾ ਦਾ ਕਹਿਣਾ ਹੈ ਕਿ ਸੰਸਥਾ ਦਾ ਮਕਸਦ ਕੇਵਲ ਰਾਸ਼ਨ ਦੇਣਾ ਨਹੀਂ, ਸਗੋਂ ਲੋਕਾਂ ਵਿੱਚ ਜ਼ਿੰਦਗੀ ਦੇ ਪ੍ਰਤੀ ਵਿਸ਼ਵਾਸ ਜਗਾਉਣਾ ਵੀ ਹੈ। ਸੰਸਥਾ ਹਰ ਮਹੀਨੇ ਨਿਯਮਤ ਤੌਰ ਤੇ ਇਹ ਰਾਸ਼ਨ ਵੰਡ ਸਮਾਰੋਹ ਕਰਦੀ ਹੈ, ਜਿਸ ਰਾਹੀਂ ਬਹੁਤ ਸਾਰੇ ਪਰਿਵਾਰਾਂ ਨੂੰ ਇਸ ਦਾ ਲਾਭ ਮਿਲ ਰਿਹਾ ਹੈ। ਇਸ ਮੌਕੇ ਗੁਰਚਰਨ ਸਿੰਘ ਗੁਰੂ, ਕਸ਼ਮੀਰ ਸਿੰਘ ਸਰਾਭਾ, ਸੁਖਵਿੰਦਰ ਸਿੰਘ ਦਹੇਲਾ, ਹਰਦੀਪ ਸਿੰਘ ਗੁਰੂ, ਸਵਤਾਰ ਸਿੰਘ ਦਿਉਸੀ, ਨਰਿੰਦਰ ਸਿੰਘ ਉੱਭੀ, ਲੱਖਾ ਸਿੰਘ, ਭਾਈ ਕੁਲਬੀਰ ਸਿੰਘ, ਪ੍ਰਧਾਨ ਕੁੰਦਨ ਸਿੰਘ ਨਾਗੀ, ਜੋਗਾ ਸਿੰਘ, ਅੰਮ੍ਰਿਤਪਾਲ ਸਿੰਘ, ਜਤਿੰਦਰ ਸਿੰਘ ਹੂੰਝਣ, ਕੁਲਵਿੰਦਰ ਸਿੰਘ, ਜਸਵੰਤ ਸਿੰਘ, ਬਲਵਿੰਦਰ ਸਿੰਘ ਬਿੱਲੂ, ਮਨਜੀਤ ਸਿੰਘ ਰੂਪੀ, ਮਹਿੰਦਰ ਸਿੰਘ, ਤੇਜਿੰਦਰ ਸਿੰਘ ਸੈਣੀ, ਕਮਲਜੀਤ ਸਿੰਘ ਲੋਟੇ, ਪ੍ਰੇਮ ਸਿੰਘ ਪੀਐਸ, ਦੀਪਿੰਦਰ ਸਿੰਘ ਸੱਗੂ, ਜੱਗਾ ਸਿੰਘ, ਸੁਰਜੀਤ ਸਿੰਘ ਸੰਤ, ਅਮਰਜੀਤ ਸਿੰਘ, ਸਤਵੰਤ ਸਿੰਘ ਮਠਾੜੂ, ਆਕਾਸ਼ ਵਰਮਾ, ਜਨਕ ਮਹਾਜਨ, ਹਰਜੀ ਕੌਰ, ਬਲਵਿੰਦਰ ਕੌਰ, ਹਰਮਿੰਦਰ ਕੌਰ, ਹਰਜੀਤ ਕੌਰ, ਮਨਪ੍ਰੀਤ ਕੌਰ, ਹਰਭਜਨ ਕੌਰ, ਸੁਰਜੀਤ ਕੌਰ, ਸਿਮੀ, ਸਰੀਤ, ਡਿੰਪਲ, ਅਨੂ ਸ਼ਰਮਾ, ਰਮਾ ਸ਼ਰਮਾ, ਰੁਪਿੰਦਰ ਕੌਰ, ਸੰਦੀਪ ਕੌਰ, ਬੀਰਪਾਲ ਬਿਰਦੀ, ਅਮਨਦੀਪ ਕੌਰ ਆਦਿ ਹਾਜ਼ਰ ਸਨ।





**ਬਿਕਰਮਜੀਤ ਸਿੰਘ ਖਾਲਸਾ ਦਾ ਸਨਮਾਨ ਕਰਦੇ ਹੋਏ ਸੋਹਣ ਸਿੰਘ ਗੋਗਾ, ਕੁੰਦਨ ਸਿੰਘ ਨਾਗੀ, ਗੁਰਚਰਨ ਸਿੰਘ ਗੁਰੂ ਤੇ ਹੋਰ 2: ਰਾਸ਼ਨ ਵੰਡਣ ਸਮੇਂ ਬਿਕਰਮਜੀਤ ਸਿੰਘ ਖਾਲਸਾ, ਸੋਹਣ ਸਿੰਘ ਗੋਗਾ, ਕਸ਼ਮੀਰ ਸਿੰਘ ਸਰਾਭਾ, ਤੇਜਿੰਦਰ ਸਿੰਘ ਸੈਣੀ ਤੇ ਹੋਰ।**

# ਰੇਲ ਕੋਚ ਫੈਕਟਰੀ ਵਿਖੇ 2 ਨਵੰਬਰ ਤੱਕ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ ਜਾਵੇਗਾ

## ਹਫ਼ਤੇ ਭਰ ਸੈਮੀਨਾਰ, ਮੁਕਾਬਲੇ, ਵਰਕਸ਼ਾਪਾਂ ਅਤੇ ਆਊਟਰੀਚ ਪ੍ਰੋਗਰਾਮਾਂ ਸਮੇਤ ਕਈ ਗਤੀਵਿਧੀਆਂ ਚਲਾਈਆਂ ਜਾਣਗੀਆਂ

**ਕਪੂਰਥਲਾ, (ਕੌੜਾ )–** ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਦੀਆਂ ਦੇਸ਼ ਵਿਆਪੀ ਪਹਿਲਕਦਮੀਆਂ ਦੇ ਅਨੁਸਾਰ, ਰੇਲ ਕੋਚ ਫੈਕਟਰੀ (ਆਰ ਸੀ ਐਫ), ਕਪੂਰਥਲਾ 27 ਅਕਤੂਬਰ ਤੋਂ 2 ਨਵੰਬਰ 2025 ਤੱਕ "ਚੌਕਸੀ: ਸਾਡੀ ਸਾਂਝੀ ਜ਼ਿੰਮੇਵਾਰੀ" ਵਿਸ਼ੇ 'ਤੇ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਏਗੀ। ਇਸ ਮਨਾਉਣ ਦਾ ਉਦੇਸ਼ ਜਨਤਕ ਜੀਵਨ ਵਿੱਚ ਇਮਾਨਦਾਰੀ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨਾ ਹੈ। ਹਫ਼ਤੇ ਦੌਰਾਨ, ਕਰਮਚਾਰੀਆਂ, ਵਿਦਿਆਰਥੀਆਂ ਅਤੇ ਜਨਤਾ ਵਿੱਚ ਨੈਤਿਕ ਆਚਰਣ ਅਤੇ ਚੰਗੇ ਸ਼ਾਸਨ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣ ਲਈ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਉਦਘਾਟਨ ਸਮਾਰੋਹ 27 ਅਕਤੂਬਰ 2025 ਨੂੰ ਆਯੋਜਿਤ ਕੀਤਾ ਜਾਵੇਗਾ, ਜਿਸ ਵਿਚ ਸਾਰੇ ਅਧਿਕਾਰੀਆਂ ਅਤੇ ਸਟਾਫ ਨੂੰ ਇਮਾਨਦਾਰੀ ਦੀ ਸਹੁੰ ਚੁਕਾਈ ਜਾਵੇਗੀ। ਹਫ਼ਤੇ ਭਰ ਸੈਮੀਨਾਰ, ਮੁਕਾਬਲੇ, ਵਰਕਸ਼ਾਪਾਂ ਅਤੇ ਆਊਟਰੀਚ ਪ੍ਰੋਗਰਾਮਾਂ ਸਮੇਤ ਕਈ ਗਤੀਵਿਧੀਆਂ ਚਲਾਈਆਂ ਜਾਣਗੀਆਂ। ਰੋਜ਼ਾਨਾ ਜੀਵਨ ਵਿੱਚ ਚੌਕਸੀ ਅਤੇ ਨੈਤਿਕਤਾ ਬਾਰੇ ਸੰਵੇਦਨਸ਼ੀਲ ਬਣਾਉਣ ਲਈ ਨੇੜਲੇ ਵਿਦਿਅਕ ਸੰਸਥਾਵਾਂ ਵਿੱਚ ਵਿਸ਼ੇਸ਼ ਜਾਗਰੂਕਤਾ ਮੁਹਿੰਮਾਂ ਵੀ ਆਯੋਜਿਤ ਕੀਤੀਆਂ ਜਾਣਗੀਆਂ। ਵਿਜੀਲੈਂਸ ਜਾਗਰੂਕਤਾ ਹਫ਼ਤਾ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿੱਚ ਕੇਂਦਰੀ ਵਿਜੀਲੈਂਸ ਕਮਿਸ਼ਨ ਦੀ ਚੌਕਸੀ ਪ੍ਰਤੀ ਪਹਿਲਕਦਮੀਆਂ ਵਿੱਚੋਂ ਇੱਕ ਹੈ। ਇਹ ਸ਼ਾਸਨ ਅਤੇ ਜਨਤਕ ਪ੍ਰਸ਼ਾਸਨ ਵਿੱਚ ਨੈਤਿਕਤਾ ਅਤੇ ਪਾਰਦਰਸ਼ਤਾ ਦੀ ਜ਼ਰੂਰਤ ਬਾਰੇ ਵਧੇਰੇ ਸੰਵੇਦਨਸ਼ੀਲਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਇਸ ਸੰਦਰਭ ਵਿੱਚ, ਅਗਸਤ 2025 ਤੋਂ ਤਿੰਨ ਮਹੀਨਿਆਂ ਦੀ ਮੁਹਿੰਮ ਵਿੱਢੀ ਗਈ ਹੈ , ਜਿਸ ਵਿੱਚ ਆਰ ਸੀ ਐਫ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ। ਵਿਜੀਲੈਂਸ ਜਾਗਰੂਕਤਾ ਹਫ਼ਤੇ ਦੇ ਹਿੱਸੇ ਵਜੋਂ, ਕਰਮਚਾਰੀਆਂ ਵਿੱਚ ਇਮਾਨਦਾਰੀ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਲਈ ਆਰ ਸੀ ਐਫ ਦੇ ਵੱਖ-ਵੱਖ ਸਥਾਨਾਂ 'ਤੇ ਪ੍ਰੇਰਣਾਦਾਇਕ ਆਊਟਰੀਚ ਬੈਨਰ ਅਤੇ ਪੋਸਟਰ ਪ੍ਰਦਰਸ਼ਿਤ ਕੀਤੇ ਗਏ ਹਨ। ਆਰ ਸੀ ਐੱਫ ਦਾ ਵਿਜੀਲੈਂਸ ਵਿਭਾਗ, ਜਿਸਦੀ ਅਗਵਾਈ ਇਸਦੇ ਮੁੱਖ ਵਿਜੀਲੈਂਸ ਅਧਿਕਾਰੀ ਸ਼੍ਰੀ ਵਿਨੋਦ ਪਾਲ ਕਰਦੇ ਹਨ, ਜਾਗਰੂਕਤਾ ਅਤੇ ਆਊਟਰੀਚ ਗਤੀਵਿਧੀਆਂ ਦੀ ਇੱਕ ਲੜੀ ਰਾਹੀਂ ਇਸ ਸਮਾਗਮ ਦੇ ਸਫਲ ਸੰਚਾਲਨ ਨੂੰ ਯਕੀਨੀ ਬਣਾਉਣ ਵਿੱਚ ਪੂਰੇ ਦਿਲੋਂ ਰੁੱਝਿਆ ਹੋਇਆ ਹੈ।



# ਐਚਡੀਸੀਏ ਦੀ ਸੁਰਭੀ ਪੰਜਾਬ ਅੰਡਰ-19 ਕ੍ਰਿਕਟ ਟੀਮ ਦੀ ਉਪ-ਕਪਤਾਨ ਵਜੋਂ ਸੇਵਾ ਨਿਭਾਏਗੀ: ਡਾ. ਰਮਨ ਘਈ

## ਸੁਰਭੀ ਦੀ ਚੋਣ ਨਾਲ ਹੁਸ਼ਿਆਰਪੁਰ ਸਮੂਹ ਅਤੇ ਐਚਡੀਸੀਏ ਖਿਡਾਰੀਆਂ ਵਿੱਚ ਖੁਸ਼ੀ ਦੀ ਲਹਿਰ ਹੈ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** – ਐਚਡੀਸੀਏ ਦੀ ਹੋਣਹਾਰ ਖਿਡਾਰਨ ਸੁਰਭੀ ਨਾਰਾਇਣ ਨੂੰ ਪੰਜਾਬ ਮਹਿਲਾ ਅੰਡਰ-19 ਕ੍ਰਿਕਟ ਟੀਮ ਦੀ ਉਪ-ਕਪਤਾਨ ਵਜੋਂ ਚੁਣਿਆ ਗਿਆ ਹੈ, ਜਿਸ ਨਾਲ ਹੋਰ ਐਚਡੀਸੀਏ ਖਿਡਾਰੀਆਂ ਅਤੇ ਪੂਰੇ ਜ਼ਿਲ੍ਹੇ ਵਿੱਚ ਖੁਸ਼ੀ ਦੀ ਲਹਿਰ ਹੈ। ਜਾਣਕਾਰੀ ਦਿੰਦੇ ਹੋਏ, ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਵੁੱਡਲੈਂਡ ਓਵਰਸੀਜ਼ ਸਕੂਲ ਵਿੱਚ 11ਵੀਂ ਜਮਾਤ ਦੀ ਵਿਦਿਆਰਥਣ ਸੁਰਭੀ ਨਾਰਾਇਣ ਨੇ ਪਹਿਲਾਂ ਪਿਛਲੇ ਸਾਲ ਪੰਜਾਬ ਅੰਡਰ-19 ਟੀਮ ਅਤੇ ਪੰਜਾਬ ਅੰਡਰ-23 ਟੀਮ ਦੀ ਕਪਤਾਨੀ ਕੀਤੀ ਸੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਮਹਿਲਾ ਅੰਡਰ-19 ਟੀਮ 26 ਅਕਤੂਬਰ ਤੋਂ 1 ਨਵੰਬਰ ਤੱਕ ਮਹਾਰਾਸ਼ਟਰ ਦੇ ਔਰੰਗਾਬਾਦ ਵਿੱਚ ਬੀਸੀਸੀਆਈ ਦੁਆਰਾ ਆਯੋਜਿਤ ਹੋਣ ਵਾਲੇ ਅੰਡਰ-19 ਮਹਿਲਾ ਰਾਸ਼ਟਰੀ ਟੀ-20 ਕ੍ਰਿਕਟ ਟੂਰਨਾਮੈਂਟ ਵਿੱਚ ਹਿੱਸਾ ਲਵੇਗੀ। ਡਾ. ਘਈ ਨੇ ਕਿਹਾ ਕਿ ਸੁਰਭੀ ਪਿਛਲੇ ਚਾਰ ਸਾਲਾਂ ਤੋਂ ਅੰਡਰ-15, ਅੰਡਰ-19 ਅਤੇ ਅੰਡਰ-23 ਵਰਗਾਂ ਵਿੱਚ ਪੰਜਾਬ ਲਈ ਖੇਡ ਰਹੀ ਹੈ। ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ ਅਤੇ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਸੁਰਭੀ ਨੂੰ ਪੰਜਾਬ ਟੀਮ ਦੀ ਉਪ-ਕਪਤਾਨ ਬਣਨ 'ਤੇ ਵਧਾਈ ਦਿੱਤੀ। ਡਾ. ਘਈ ਨੇ ਕਿਹਾ ਕਿ ਸੁਰਭੀ ਅਤੇ ਹੋਰ ਖਿਡਾਰੀ ਜਿਸ ਮਿਹਨਤ ਅਤੇ ਲਗਨ ਨਾਲ ਕੰਮ ਕਰ ਰਹੇ ਹਨ, ਉਸ ਨਾਲ ਆਉਣ ਵਾਲੇ ਦਿਨਾਂ ਵਿੱਚ ਹੁਸ਼ਿਆਰਪੁਰ ਦਾ ਕੋਈ ਨਾ ਕੋਈ ਕ੍ਰਿਕਟਰ ਜਲਦੀ ਹੀ ਰਾਸ਼ਟਰੀ ਟੀਮ ਦੀ ਅਗਵਾਈ ਕਰੇਗਾ। ਉਪ-ਕਪਤਾਨ ਬਣਨ 'ਤੇ, ਸੁਰਭੀ ਦੇ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨੀਤੀਕਾ ਕੁਮਾਰੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ, ਦਿਨੇਸ਼ ਸ਼ਰਮਾ, ਅਤੇ ਜ਼ਿਲ੍ਹਾ ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ ਨੇ ਵੀ ਸੁਰਭੀ ਨੂੰ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਸੁਰਭੀ ਜਲਦੀ ਹੀ ਵਧੀਆ ਪ੍ਰਦਰਸ਼ਨ ਕਰੇਗੀ ਅਤੇ ਰਾਸ਼ਟਰੀ ਟੀਮ ਵਿੱਚ ਆਪਣੀ ਜਗ੍ਹਾ ਬਣਾਏਗੀ, ਜਿਸ ਨਾਲ ਹੁਸ਼ਿਆਰਪੁਰ ਦੇ ਨਾਲ-ਨਾਲ ਪੰਜਾਬ ਦਾ ਵੀ ਨਾਮ ਰੌਸ਼ਨ ਹੋਵੇਗਾ।



**ਫੋਟੋ ਅਜਮੇਰ ਦੀਵਾਨਾ**

## ਮਰ ਕੇ ਵੀ ਜੀਣ ਵਾਲ਼ੇ

ਜੱਗ ਵਿੱਚ ਤਰ੍ਹਾਂ ਤਰ੍ਹਾਂ ਦੇ ਲੋਕੀ ,
ਆ ਆ ਤੁਰ ਜਾਂਦੇ ।
ਥਮਲੇ ਜਹੇ ਜਿਸਮ ਵੀ ਬਿਸਕੁਟ ,
ਵਾਂਗਰਾਂ ਭੁਰ ਜਾਂਦੇ ।
ਚੰਗੇ ਤਾਂ ਮਰ ਕੇ ਵੀ ਦਿਲ ਅੰਦਰ ,
ਜਿਉਂਦੇ ਰਹਿਣ ਸਦਾ ;
ਪਰ ਮਾੜੇ ਤ੍ਰੇਲ 'ਚ ਰੱਖੇ ਲੂਣ ,
ਵਾਂਗੂੰ ਨੇ ਖੁਰ ਜਾਂਦੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਫ਼ਕੀਰੀ

ਫ਼ਕੀਰੀ ਤਾਂ ਇੱਕ ਮੰਜ਼ਿਲ ਹੁੰਦੀ ਐ ਅੰਦਰ ਦੀ,
ਕੌਡੀ ਮੁੱਲ ਨਹੀਂ ਚਿੱਟੇ ਭਗਵੇਂ ਪਹਿਰਾਵੇ ਦਾ।

ਵੱਡਾ ਡੇਰਾ ਵੱਧ ਇਕੱਠ ਯਾਦ ਨਹੀਂ ਜੁੱਤੀ ਦੇ,
ਉਹ ਖੂਹ ਵਿੱਚ ਪਵੇ ਤਰੱਕੀ ਜੋ ਇੱਕ ਨੂੰ ਭਾਵੇ ਨਾ।

ਕੁੱਲੀ ਗੁੱਲੀ ਤੇ ਜੁੱਲੀ ਤਿੰਨ ਹੀ ਮੁੱਖ ਲੋੜਾਂ ਨੇ,
ਵਾਧੂ ਖਿਲਾਰਾ ਮੁੱਖ ਮਕਸਦ ਤੋਂ ਭਟਕਾਵੇਗਾ।

ਖੇਖਣ ਕਰ ਦੁਨੀਆਂ ਵਿੱਚ ਵਾਹ ਵਾਹ ਖੱਟ ਲਵੇਂਗਾ,
ਜੀਹਦਾ ਨਾਮ ਵੇਚਦਾ ਉਹਦੇ ਦਰ ਕਿਵੇਂ ਬਖ਼ਸ਼ਿਆ ਜਾਵੇਂਗਾ।



**ਬੂਟਾ ਸਿੰਘ ਭਦੌੜ**

## ਵਿਕ ਜਾਂਦੇ ਨੇ

ਭੱਥਿਆਂ 'ਚ ਪਏ ਹੋਏ ਤੀਰ ਵਿਕ ਜਾਂਦੇ ਨੇ
ਪੁੱਤ ਮੋਏ ਮਾਪਿਆਂ ਦੇ ਨੀਰ ਵਿਕ ਜਾਂਦੇ ਨੇ
ਸੱਜਣਾਂ ਵੇ ਰਾਜੇ ਤੇ ਵਜ਼ੀਰ ਵਿਕ ਜਾਂਦੇ ਨੇ
ਕੱਚਿਆਂ ਦੇ ਕੱਚੇ ਗੁਰੂ ਪੀਰ ਵਿਕ ਜਾਂਦੇ ਨੇ....

ਨੌਕਰਾਂ 'ਚ ਪਏ ਹੋਏ ਸਬੂਤ ਵਿਕ ਜਾਂਦੇ ਨੇ
ਮੋਚੀਆਂ ਤੋਂ ਚੋਰੀ ਕਲਬੂਤ ਵਿਕ ਜਾਂਦੇ ਨੇ
ਜਾਤਾਂ ਪਾਤਾਂ ਹੱਥੋਂ ਜੀ ਮਾਸ਼ੂਕ ਵਿਕ ਜਾਂਦੇ ਨੇ
ਕਬਰਾਂ 'ਚ ਪਏ ਹੋਏ ਤਾਬੂਤ ਵਿਕ ਜਾਂਦੇ ਨੇ....

ਪੀ ਏ ਵਿਕ ਜਾਂਦੇ ਨੇ ਤੇ ਸੀ ਏ ਵਿਕ ਜਾਂਦੇ ਨੇ
ਗੀਤ ਵਿਕ ਜਾਂਦੇ ਨੇ ਗਵੱਈਏ ਵਿਕ ਜਾਂਦੇ ਨੇ
ਝਾਂਜਰਾਂ ਦੇ ਬੋਰ ਥਾ- ਥਈਆ ਵਿਕ ਜਾਂਦੇ ਨੇ
ਡਾਲਰਾਂ ਦੀ ਦੌੜ 'ਚ ਰੁਪਈਏ ਵਿਕ ਜਾਂਦੇ ਨੇ..

ਤੂੰਬੀਆਂ, ਸਿਤਾਰ ਤੇ ਰਬਾਬ ਵਿਕ ਜਾਂਦੇ ਨੇ
ਵੈਦ,ਚੌਧਰੀ, ਹਕੀਮ ਤੇ ਨਵਾਬ ਵਿਕ ਜਾਂਦੇ ਨੇ
ਕਬਰਾਂ ਤੇ ਜਾਣ ਲਈ ਗ਼ੁਲਾਬ ਵਿਕ ਜਾਂਦੇ ਨੇ
ਅੱਗਾ- ਪਿੱਛਾ ਵੇਖ ਕੇ ਜਨਾਬ ਵਿਕ ਜਾਂਦੇ ਨੇ..

ਚਾਚੇ ਤਾਏ ਭੂਆ ਮਾਮੇ ਭਾਈ ਵਿਕ ਜਾਂਦੇ ਨੇ
ਚੰਦ ਛਿੱਲੜਾਂ ਦੇ ਪਿੱਛੇ ਹਲਵਾਈ ਵਿਕ ਜਾਂਦੇ ਨੇ
ਚੌਂਕਾਂ ਵਿੱਚ ਖੜ੍ਹੇ ਹੋਏ ਸਿਪਾਹੀ ਵਿਕ ਜਾਂਦੇ ਨੇ
ਡਾਕਟਰ ਦੀ ਡਿਗਰੀ,ਪੜ੍ਹਾਈ ਵਿਕ ਜਾਂਦੇ ਨੇ.

ਕਲਮ-ਸਿਆਹੀ ਸਾਹਿਤਕਾਰ ਵਿਕ ਜਾਂਦੇ ਨੇ
ਕਰਤਾਰ ਦੇ ਘਰਾਂ 'ਚੋਂ ਕਰਤਾਰ ਵਿਕ ਜਾਂਦੇ ਨੇ
ਕਹਿੰਦੇ ਤੇ ਕਹਾਉਂਦੇ ਕਿਰਦਾਰ ਵਿਕ ਜਾਂਦੇ ਨੇ
ਜਵਾਲਾਮੁਖੀ ਹੋ ਕੇ ਠੰਢੇ -ਠਾਰ ਵਿਕ ਜਾਂਦੇ ਨੇ..

ਬੋਲੀ ਉੱਤੇ ਲੱਗ ਕੇ ਸੁਭਾਅ ਵਿਕ ਜਾਂਦੇ ਨੇ
ਧੁੱਪਾਂ, ਛਾਂਵਾਂ, ਸੂਰਜ ਤੇ ਵਾਅ ਵਿਕ ਜਾਂਦੇ ਨੇ
ਕਿਸਾਨ- ਮਜ਼ਦੂਰ ਮੰਦੇ ਭਾਅ ਵਿਕ ਜਾਂਦੇ ਨੇ
'ਗਿੱਲ' ਨੀਂ ਨਿਮਾਣੀਏ ਚਾਅ ਵਿਕ ਜਾਂਦੇ ਨੇ
ਏਥੇ ਹਾਏ ਨਿਮਾਣੀਏ ਚਾਅ ਵਿਕ ਜਾਂਦੇ ਨੇ..



**ਬੇਅੰਤ ਕੌਰ ਗਿੱਲ ਮੋਗਾਲ**

## ਟੂੱਣਾ ਟਾਮਣ

ਮੈਂ ਕੋਈ ਟੂੱਣਾ ਟਮਣ ਟੱਪ ਗਿਆ ਲੱਗਦਾ ਆ,
ਕੰਮ ਕਾਜ਼ ਮੇਰਾ ਕੋਈ ਬੰਨ ਗਿਆ ਲਗਦਾ ਆ,
ਜਿੰਦਗੀ ਵੀ ਗਿਣ ਗਿਣ ਕਿਹੜੇ ਬਦਲੇ ਲੈਂਦੀ ਆ,
ਚੱੜਦੇ ਸੂਰਜ ਡੂੱਬਣ ਤਿਕਰ ਕੋਈ ਫ਼ਿਕਰ ਰਹਿੰਦੀ ਆ।
ਧਾਗੇ ਤਵੀਤ ਵੀ ਹੁਣ ਕੋਈ ਅਸਰ ਨਹੀਂ ਕਰਦੇ,
ਜਿੰਦਗੀ ਅੱਧੀ ਰਹਿ ਗਈ ਦੁੱਖੜੇ ਜ਼ਰਦੇ ਜ਼ਰਦੇ,
ਖੋਰੇਂ ਕਿਹੜਾ ਕਾਲਾ ਇਲਮ ਕੋਈ ਪੜ ਗਿਆ ਲੱਗਦੈ
ਮੁੜੀ ਪਿੱਛੇ ਨੂੰ ਜਾਂਦੇ ਪੈਰ ਅੱਗੇ ਨੂੰ ਧਰਦੇ ਧਰਦੇ।
ਰੋਗ ਵੀ ਕੋਈ ਲਗਦਾ ਨਾ ਜਾ ਕੇ ਆਇਆ ਕੋਲ ਹਕੀਮ ,
ਪੱਟਿਆਂ,ਦਵਾਈਆਂ ਨਾਲ ਵੀ ਫ਼ਰਕ ਨਾ ਪਿਆ ਕੋਈ,
ਹੁਣ ਰਾਖਾ ਬੱਣੂ ਆਪੇ ਮੇਰਾ ਰੱਬ ਅੱਲਾ ਜਾਂ ਰਹੀਮ
ਪਿੰਦੂ ਹੁਣ ਦੁੱਖ ਡਾਢੇ ਹੋ ਗਏ ਜਿੰਦੜੀ ਮੇਰੀ ਦੇ,
ਖੋਰੇ ਕਦੋਂ ਰਹਿਮਤ ਹੋ ਜਾਵੇ ਉਸ ਸੱਚੇ ਰੱਬ ਦੀ ,
ਲੱਖ ਲੱਖ ਸੱਜਦਾ ਕਰੂੰ ਜਿੰਦਗੀ ਸਵਾਰੀ ਮੇਰੀ ਦੇ,



**ਪਿੰਦੂ ਰਾਹੋਂ (ਨਵਾਂ ਸ਼ਹਿਰ)**
+917710556211



# ਐਨ ਪੀ ਐਸ ਕਰਮਚਾਰੀ 2 ਨਵੰਬਰ ਨੂੰ ਤਰਨਤਾਰਨ ਜ਼ਿਮਨੀ ਚੋਣ ਦੌਰਾਨ ਕਰਨਗੇ ਝੰਡਾ ਮਾਰਚ

**ਜ਼ਿਮਨੀ ਚੋਣ ਦੌਰਾਨ ਆਪ ਸਰਕਾਰ ਦਾ ਮੁਲਾਜ਼ਮ ਤੇ ਲੋਕ ਵਿਰੋਧੀ ਚਿਹਰਾ ਵੋਟਰਾਂ ਵਿੱਚ ਨਸ਼ਰ ਕਰਨ ਲਈ ਕਪੂਰਥਲਾ ਤੋਂ ਵੱਡਾ ਕਾਫਲਾ ਹੋਵੇਗਾ ਤਰਨਤਾਰਨ ਰਵਾਨਾ -ਵੜੈਚ,ਬੱਧਣ**






**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ )-** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ ਤੇ 2 ਨਵੰਬਰ ਨੂੰ ਤਰਨ-ਤਾਰਨ ਵਿਖੇ ਝੰਡਾ ਮਾਰਚ ਕਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁਲਾਜ਼ਮ ਤੇ ਲੋਕ ਵਿਰੋਧੀ ਚਿਹਰਾ ਜ਼ਿਮਨੀ ਚੋਣ ਦੌਰਾਨ ਵੋਟਰਾਂ ਦੀ ਕਚਹਿਰੀ ਵਿੱਚ ਨਸ਼ਰ ਕਰਨਗੇ ।ਸੂਬਾ ਕਮੇਟੀ ਮੈਂਬਰ ਗੌਰਮਿੰਟ ਟੀਚਰ ਯੂਨੀਅਨ ਰਛਪਾਲ ਸਿੰਘ ਵੜੈਚ ਤੇ ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਨੇ ਕਿਹਾ ਕਿ ਆਪ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਨੂੰ ਲਿਖਤੀ ਗਰੰਟੀ ਦਿੱਤੀ ਸੀ ਕਿ ਪੰਜਾਬ ਵਿੱਚ ਆਪ ਸਰਕਾਰ ਬਣਦਿਆਂ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਜਾਵੇਗੀ ਪਰ ਪੰਜਾਬ ਸਰਕਾਰ ਦੁਆਰਾ 18 ਨਵੰਬਰ 2022 ਨੂੰ ਦਿਵਾਲੀ ਤੋਂ ਪਹਿਲਾਂ ਕੀਤਾ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਨਹੀਂ ਲਾਗੂ ਕਰ ਸਕੀ ।ਜਦਕਿ ਗੁਆਂਢੀ ਸੂਬੇ ਹਿਮਾਚਲ ਨੇ ਛੇ ਮਹੀਨੇ ਅੰਦਰ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਆਪਣਾ ਚੋਣ ਵਾਅਦਾ ਇਮਾਨਦਾਰੀ ਨਾਲ ਨਿਭਾਇਆ। ਪੰਜਾਬ ਦੇ ਦੋ ਲੱਖ ਕਰਮਚਾਰੀਆਂ ਦੀ ਮੁੱਖ ਮੰਤਰੀ ਦੇ ਐਲਾਨ ਤੋਂ ਚਾਰ ਸਾਲ ਬਾਅਦ ਵੀ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਅਤੇ ਕਰਮਚਾਰੀ ਐਨ ਪੀ ਐਸ ਅਧੀਨ ਹੀ ਨਿਗੂਣੀ ਪੈਨਸ਼ਨ ਦਿੱਤੀ ਜਾ ਰਹੀ। ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਜਾ ਰਹੀ ਇਸ ਧੱਕੇਸ਼ਾਹੀ ਨੂੰ ਲੋਕ ਕਚਹਿਰੀ ਵਿੱਚ ਤਰਨਤਾਰਨ ਜਿਮਨੀ ਚੋਣ ਦੌਰਾਨ ਝੰਡਾ ਮਾਰਚ ਕਰ ਵੋਟਰਾਂ ਨੂੰ ਦੱਸਣਗੇ ਅਤੇ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਪ੍ਰਤੀ ਵੋਟਰਾਂ ਨੂੰ ਜਾਗਰੂਕ ਕਰਨਗੇ।ਜਿਲ੍ਹਾ ਆਗੂ ਗੁਰਮੇਜ ਸਿੰਘ ਤਲਵੰਡੀ ਅਤੇ ਦਲਜੀਤ ਸੈਣੀ ਫਗਵਾੜਾ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਦੇਸ਼ ਦੇ 70 ਲੱਖ ਐੱਨ ਪੀ ਐੱਸ ਪੀੜਤ ਮੁਲਾਜ਼ਮ 25 ਨਵੰਬਰ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ ਵਿੱਚ ਮਹਾਰੈਲੀ ਕਰਨਗੇ ਤੇ ਕੇਂਦਰ ਤੇ ਰਾਜ ਸਰਕਾਰ ਨੂੰ ਸਪਸ਼ਟ ਸੁਨੇਹਾ ਦੇਣਗੇ ਕਿ ਐਨ ਪੀ ਐਸ ਵਿੱਚ ਸਾਨੂੰ ਕੋਈ ਸੋਧ ਜਾਂ ਯੂ ਪੀ ਐਸ ਨਹੀਂ ਚਾਹੀਦੀ ਦੇਸ਼ ਦੀ ਤਰੱਕੀ ਵਿੱਚ ਦਿਨ ਰਾਤ ਇਕ ਕਰਨ ਵਾਲੇ ਕਰਮਚਾਰੀ ਨੂੰ ਹੁਣ ਪੁਰਾਣੀ ਪੈਨਸ਼ਨ ਬਹਾਲੀ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਕਿਉਂਕਿ ਜੇਕਰ ਪੰਜ ਸਾਲਾਂ ਲਈ ਚੁਣਿਆ ਜਾਣ ਵਾਲਾ ਵਿਧਾਇਕ ਜਾਂ ਸੰਸਦ ਪੁਰਾਣੀ ਪੈਨਸ਼ਨ ਦਾ ਹੱਕਦਾਰ ਹੈ ਤਾਂ ਸਾਰੀ ਉਮਰ ਦੇਸ਼ ਸੇਵਾ ਵਿੱਚ ਲਾਉਣ ਵਾਲਾ ਕਰਮਚਾਰੀ ਕਿਉਂ ਨਹੀਂ।ਇਸ ਮੌਕੇ ਦਲਜੀਤ ਸਿੰਘ ਸੈਣੀ,ਗੁਰਮੇਜ਼ ਸਿੰਘ ਤਲਵੰਡੀ, ਚੌਧਰੀਆਂ, ਅਵਤਾਰ ਸਿੰਘ ਹੈਬਤਪੁਰ, ਜਸਵਿੰਦਰ ਸਿੰਘ ਸ਼ਿਕਾਰਪੁਰ, ਸੁਖਵਿੰਦਰ ਸਿੰਘ ਕਾਲੇਵਾਲ, ਯਾਦਵਿੰਦਰ ਸਿੰਘ, ਸਿੰਦਰ ਸਿੰਘ, ਅਮਨਦੀਪ ਸਿੰਘ ਖਿੰਡਾ, ਗੁਰਪ੍ਰੀਤ ਸਿੰਘ ਟਿੱਬਾ, ਅਮਨਦੀਪ ਸਿੰਘ ਬਿਧੀਪੁਰ, ਜਸਵੀਰ ਸਿੰਘ ਚੀਮਾ, ਕੰਵਲਪ੍ਰੀਤ ਸਿੰਘ ਕੌੜਾ, ਗੁਰਪ੍ਰੀਤ ਸਿੰਘ ਬੂਲਪੁਰ, ਸੁਖਨਿੰਦਰ ਸਿੰਘ, ਸੁਖਦੇਵ ਸਿੰਘ ਬੂਲਪੁਰ, ਲਖਵਿੰਦਰ ਸਿੰਘ ਟਿੱਬਾ, ਵਰਿੰਦਰ ਸਿੰਘ ਟਿੱਬਾ, ਬਰਿੰਦਰ ਸਿੰਘ ਮਾਨ, ਸਰਬਜੀਤ ਸਿੰਘ ਸ਼ੇਰਪੁਰ ਦੋਨਾਂ,
ਰੇਸ਼ਮ ਸਿੰਘ ਬੂੜੇਵਾਲ, ਪਰਮਿੰਦਰ ਸਿੰਘ ਸੈਦਪੁਰ, ਅਸ਼ਵਨੀ ਕੁਮਾਰ, ਅਜੇ ਕੁਮਾਰ, ਕੁਲਦੀਪ ਠਾਕੁਰ, ਜਗਮੋਹਨ ਸਿੰਘ ਯਾਦਵਿੰਦਰ ਸਿੰਘ ਰੁਪਿੰਦਰ ਸਿੰਘ ਸ,ਕੋਚ ਮਨਜਿੰਦਰ ਸਿੰਘ ਦੰਦੂਪੁਰ,ਹੈੱਡ ਟੀਚਰ ਸੁਖਵਿੰਦਰ ਸਿੰਘ ਦੰਦੂਪੁਰ ਆਦਿ ਆਦਿ ਵੀ ਹਾਜ਼ਰ ਸਨ।

# ਲੱਧੜ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਪਿੰਡ ਔੜ ਵਿਖੇ ਹੋਇਆ

**ਬੰਗਾ( ਚਰਨਜੀਤ ਸੱਲ੍ਹਾਂ )** ਅੱਜ ਮਿਤੀ 26 ਅਕਤੂਬਰ 2025 ਨੂੰ ਲੱਧੜ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਪਿੰਡ ਔੜ ਵਿਖੇ ਮਨਾਇਆ ਗਿਆ ਜਿਸ ਵਿੱਚ ਸੰਗਤਾਂ ਨੇ ਵੱਧ ਚੜ੍ਹ ਕੇ ਭਾਗ ਲਿਆ ਅਤੇ ਸੇਵਾ ਕੀਤੀ ਇਸ ਮੇਲੇ ਵਿੱਚ ਰਾਣੀ ਅਰਮਾਨ ਵਲੋਂ ਧਾਰਮਿਕ ਪ੍ਰੋਗ੍ਰਾਮ ਕੀਤਾ ਗਿਆ ਇਸ ਮੌਕੇ ਤੇ ਰਿਟਾਇਰਡ ਆਈ ਏ ਐਸ ਐਰ ਐਸ ਲੱਧੜ ਸਾਹਿਬ ਜੀ ਨੇ ਪਹਿਲਾਂ ਤਾਂ ਜਿਨ੍ਹੇਂ ਵੀ ਲੱਧੜ ਪਰਿਵਾਰ ਆਏ ਹੋਏ ਸਨ ਉਨ੍ਹਾਂ ਨੂੰ ਲੱਖ ਲੱਖ ਵਧਾਈ ਦਿੱਤੀ ਅਤੇ ਨਾਲ ਹੀ ਸ੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਸੰਘਰਸ਼ ਭਰੇ ਜੀਵਨ ਦੇ ਕਰਕੇ ਸਾਡੇ ਲੋਕਾਂ ਨੂੰ ਜੁੜ੍ਹਕੇ ਬੈਠਣ ਦਾ ਸੁਹਾਗ (ਖੁਸ਼ੀ ) ਪ੍ਰਾਪਤ ਕਰਨ ਦਾ ਮੌਕਾ ਮਿਲਿਆ ਹੈ ਨਹੀਂ ਤਾਂ ਸਾਡੀ ਜ਼ਿੰਦਗੀ ਪਸ਼ੂਆਂ ਤੋਂ ਵੀ ਮਾੜੀ ਸੀ ਉਨ੍ਹਾਂ ਨੇ ਸਭ ਤੋਂ



ਪਹਿਲਾਂ ਸਾਡੇ ਸਮਾਜ ਨੂੰ ਪੜ੍ਹਾਈ ਕਰਨ ਵੱਲ ਪ੍ਰੇਰਿਤ ਕੀਤਾ ਪੜ੍ਹਾਈ ਸਭ ਤੋਂ ਵੱਡਾ ਹਥਿਆਰ ਹੈ ਜਿਸ ਨਾਲ ਤੁਸੀਂ ਕਿਸੇ ਵੀ ਖੇਤਰ ਵਿੱਚ ਅੱਗੇ ਵੱਧ ਸਕਦੇ ਹੋ ਉਹ ਚਾਹੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਨੌਕਰੀ ਕਰਨੀ ਹੋਵੇ ਪੜ੍ਹਾਈ ਤੁਹਾਡਾ ਸਾਥ ਦਿੰਦੀ ਹੈ ਇਸ ਕਰਕੇ ਮੇਰੀਆਂ ਮਾਵਾਂ ਭੈਣਾਂ ਧੀਆਂ ਨੂੰ ਖ਼ਾਸ ਕਰਕੇ ਬੇਨਤੀ ਹੈ ਕਿ ਤੁਸੀਂ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪਵਾਉਣਾ ਹੈ ਕਿਉਂਕਿ ਗਿਆਨ ਉਹ ਸ਼ੇਰਨੀ ਦਾ ਦੁੱਧ ਹੈ ਜਿਹੜਾ ਇਸ ਨੂੰ ਪੀਵੇਗਾ ਉਹ ਜ਼ਰੂਰ ਦਹਾੜੇਗਾ।ਆਉਣ ਵਾਲਾ ਸਮਾਂ ਤੁਹਾਡਾ ਹੈ ਕਿਉਂਕਿ ਕਿ ਤੁਸੀਂ ਚਾਲੀ ਪ੍ਰਸੈਂਟ ਹੋ ਪਰ ਹਾਲੇ ਤੱਕ ਨਹੀਂ ਸਮਝੇ ਸਮਝ ਆਉਂਣ ਨੂੰ ਬਹੁਤੀ ਦੇਰ ਨਹੀਂ ਲੱਗਣੀ। ਇਸ ਮੌਕੇ ਤੇ ਰਾਕੇਸ਼ ਕੁਮਾਰ ਕਰਨਾਣਾ ਡਿਪਟੀ ਚੇਅਰਮੈਨ ਵੀ ਪਹੁੰਚੇ ਹੋਏ ਸਨ। ਪ੍ਰਬੰਧਕ ਕਮੇਟੀ ਵੱਲੋਂ ਪ੍ਰਬੰਧ ਬਹੁਤ ਹੀ ਸ਼ਲਾਘਾਯੋਗ ਕੀਤਾ ਗਿਆ ਸੀ।

# "ਰਾਜਬੀਰ ਕੌਰ ਗਰੇਵਾਲ ਦਾ" ਰਾਜ ਆਈਕਨ ਐਵਾਰਡ" ਨਾਲ ਸਨਮਾਨ 28 ਨੂੰ

**● ਸਾਹਿਤ ਅਤੇ ਸਿੱਖਿਆ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਹੋਈ ਰਾਜ ਪੁਰਸਕਾਰ ਲਈ ਚੋਣ ● ਲਵ ਪੰਜਾਬ ਫਾਰਮ", ਕੋਟਕਪੂਰਾ (ਫਰੀਦਕੋਟ ) ਵਿਖੇ ਸ਼ਾਨ ਨਾਲ ਕਰਵਾਇਆ ਜਾ ਰਿਹਾ ਹੈ।**

**ਚੰਡੀਗੜ੍ਹ ਗੁਰਭਿੰਦਰ ਗੁਰੀ** ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਆਯੋਜਿਤ 18ਵਾਂ ਰਾਜਪੱਧਰੀ ਪੁਰਸਕਾਰ ਸਮਾਰੋਹ ਅਤੇ ਵਿਰਾਸਤ ਮੇਲਾ - 2025 ਇਸ ਸਾਲ 28 ਅਕਤੂਬਰ ਨੂੰ "ਲਵ ਪੰਜਾਬ ਫਾਰਮ", ਕੋਟਕਪੂਰਾ (ਫਰੀਦਕੋਟ ) ਵਿਖੇ ਸ਼ਾਨ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੂਬਾ ਪੱਧਰੀ ਸਮਾਰੋਹ ਦੌਰਾਨ ਰਾਜ ਦੇ ਵਿਭਿੰਨ ਖੇਤਰਾਂ ਵਿੱਚ ਕਾਬਲ-ਏ-ਤਾਰੀਫ਼ ਯੋਗਦਾਨ ਪਾਉਣ ਵਾਲੀਆਂ ਹਸਤੀਆਂ ਨੂੰ ਰਾਜ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਇਸ ਸਾਲ ਦਾ "ਇਆਂਫ ਸਟੇਟ ਆਈਕਨ ਐਵਾਰਡ - 2025" ਰਾਜਬੀਰ ਕੌਰ ਗਰੇਵਾਲ ਨੂੰ ਪ੍ਰਦਾਨ ਕੀਤਾ ਜਾਵੇਗਾ, ਜਿਨ੍ਹਾਂ ਨੇ ਸਾਹਿਤ, ਭਾਸ਼ਾ ਅਤੇ ਸਿੱਖਿਆ ਦੇ ਖੇਤਰ ਵਿੱਚ ਆਪਣੀ ਵਿਦਵਤਾ, ਸੇਵਾ ਅਤੇ ਸਮਰਪਣ ਨਾਲ ਸਮਾਜਿਕ ਜਾਗਰੂਕਤਾ ਅਤੇ ਸੱਭਿਆਚਾਰਕ ਉਤਥਾਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੈਡਮ ਰਾਜਬੀਰ ਕੌਰ ਬੀਰ ਗਰੇਵਾਲ ਇੱਕ ਲੇਖਿਕਾ, ਕਵਿਤਰੀ ਦੇ ਨਾਲ ਨਾਲ ਇੱਕ ਸਟੇਜ ਐਂਕਰ, ਸੋਸ਼ਲ ਵਰਕਰ ਤੇ ਮੋਟੀਵੇਸ਼ਨਲ ਸਪੀਕਰ ਨਾਂ ਨਾਲ ਵੀ ਜਾਣੇ ਜਾਂਦੇ ਹਨ ਤੇ ਇੱਕ ਗੁਣ ਭਰਪੂਰ ਗੁਣਾਂ ਨਾਲ ਲੱਦੀ ਹੋਈ ਸ਼ਖ਼ਸੀਅਤ ਹਨ।ਦ੍ਰਿੜ ਇਰਾਦੇ ਵਾਲੀ ਸ਼ਖ਼ਸੀਅਤ ਨੂੰ ਸਾਰਿਆਂ ਖੇਤਰਾਂ ਦੀਆਂ ਜ਼ਿੰਮੇਵਾਰੀਆਂ ਸਿਰ ਪੈਣ ਕਰਕੇ ਬੜੀ ਸੂਝਬੂਝ ਦੇ ਨਾਲ



ਨਿਭਾਉਂਦਿਆਂ ਦੇਖਿਆ ਗਿਆ । ਮੈਡਮ ਰਾਜਬੀਰ ਕੌਰ ਗਰੇਵਾਲ 'ਲਿਖ ਨੀਂ ਕਲਮੇਂ ਮੇਰੀਏ' ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਵਿੱਚ ਪਾ ਚੁੱਕੇ ਹਨ ,ਜਿਸ ਵਿੱਚ ਸਮਾਜ਼ ਦੇ ਰਿਸ਼ਤਿਆਂ ਨੂੰ ਬਖ਼ੂਬੀ ਵੱਖ ਵੱਖ ਸਹੀ ਦਿਸ਼ਾ ਨਾਲ ਵਿਖਾਇਆ ਗਿਆ ਹੈ।ਤੀਆਂ ਦੇ ਤਿਉਹਾਰ ਦੇ ਸਮੇਂ ਸਹਿਤ ਸਭਾ ਚ ਪੰਜਾਬ ਦੇ ਲੋਕ ਰੰਗ ਗਿੱਧੇ ਨੂੰ ਸੰਭਾਲਣ ਦਾ ਯਤਨ ਕਰਨਾਂ ਵੱਖ ਵੱਖ ਮੁਟਿਆਰਾਂ ਨੂੰ ਬੁਲਾਕੇ ਗਿੱਧੇ ਦੇ ਪਿੜ ਨੂੰ ਬਖ਼ੂਬੀ ਤਨ ਦੇਹੀ ਨਾਲ ਨਿਭਾਇਆ ਹੈ । ਜੇ ਰਾਜਬੀਰ ਬੀਰ ਗਰੇਵਾਲ ਦੇ ਸਨਮਾਨਾਂ ਦੀ ਗੱਲ ਕਰੀਏ ਤਾਂ ਇੱਕ ਲੰਬੀ ਲਿਸਟ ਬਣ ਜਾਵੇਗੀ।ਖ਼ਾਲਸਾ ਕਾਲਜ ਮੈਨੇਜਮੈਂਟ ਅਧੀਨ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਉੱਦਮੀ ਅਧਿਆਪਕ ਮੈਡਮ ਰਾਜਬੀਰ ਕੌਰ ਜੀ ਗਰੇਵਾਲ ਨੂੰ ਸਿੱਖਿਆ , ਸਾਹਿਤ ਅਤੇ ਸਮਾਜ ਵਿੱਚ ਸ਼ਲਾਘਾਯੋਗ ਸੇਵਾਵਾਂ ਬਦਲੇ ਵੱਖ ਵੱਖ ਸੰਸਥਾਵਾਂ ਵੱਲੋਂ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਤੇ ਸਨਮਾਨਿਤ ਕੀਤਾ ਜਾ ਚੁੱਕਿਆ ਹੈ । ਜ਼ਿਕਰਯੋਗ ਹੈ ਕਿ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਰਾਜ ਪੁਰਸਕਾਰ ਲਈ ਮੈਡਮ ਰਾਜਬੀਰ ਗਰੇਵਾਲ ਦੀ ਚੋਣ ਆਪ ਦੁਆਰਾ ਕੀਤੇ ਜਾਂਦੇ ਸ਼ਲਾਘਾਯੋਗ ਕਾਰਜਾਂ , ਵਿਸ਼ੇਸ਼ ਉਪਰਾਲਿਆਂ, ਅਧਿਆਪਨ ਤਜਰਬੇ ,ਸਾਹਿਤ ਤੇ ਸਮਾਜ ਸੇਵਾਵਾਂ ਆਧਾਰਿਤ ਕੀਤੀ ਗਈ।
ਸਮਾਰੋਹ ਦੇ ਮੁੱਖ ਮਹਿਮਾਨ ਸ. ਮਨਜੀਤ ਸਿੰਘ ਬਰਾੜ (ਆਿਸ਼) ਮੰਡਲ ਕਮਿਸ਼ਨਰ ਫਰੀਦਕੋਟ ਹੋਣਗੇ, ਵਿਸ਼ੇਸ਼ ਮਹਿਮਾਨ ਸੁੱਚਾ ਸਿੰਘ ਅਰਜੁਨਾ ਐਵਾਰਡੀ ਹੋਣਗੇ ਜਦਕਿ ਪ੍ਰੋਗਰਾਮ ਦੀ ਯੋਗ ਅਗਵਾਈ ਅਤੇ ਪ੍ਰਧਾਨਗੀ ਪ੍ਰੋ. ਭੋਲਾ ਯਮਲਾ ਚੇਅਰਮੈਨ ਇੰਡਿਕ ਆਰਟਸ ਵੈਲਫੇਅਰ ਕੌਂਸਲ ਅਤੇ ਸੰਸਥਾ ਦੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ ਵੱਲੋਂ ਕੀਤੀ ਜਾਵੇਗੀ।ਸੰਸਥਾ ਦੇ ਜਨਰਲ ਸਕੱਤਰ ਰਿਦਮਜੀਤ ਤੇ ਕੌਮੀ ਕਨਵੀਨਰ ਇਕਬਾਲ ਸਿੰਘ ਸਹੋਤਾ ਨੇ ਦੱਸਿਆ ਕਿ ਇੰਡਿਕ ਆਰਟਸ ਵੈਲਫੇਅਰ ਕੌਂਸਲ ਦੇਸ਼ ਦੀ ਪ੍ਰਮੁੱਖ ਸੰਸਥਾ ਹੈ, ਜੋ ਕਲਾਕਾਰਾਂ, ਅਧਿਆਪਕਾਂ, ਸੰਗੀਤਕਾਰਾਂ, ਵਿਦਿਆਰਥੀਆਂ, ਮਹਿਲਾਵਾਂ ਅਤੇ ਵਿਸ਼ੇਸ਼ ਯੋਗ ਵਿਅਕਤੀਆਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਸੰਸਥਾ ਦਾ ਮਕਸਦ ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਕਲਾ ਅਤੇ ਭਾਸ਼ਾਈ ਪਛਾਣ ਨੂੰ ਸੰਭਾਲਣਾ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ।

# ਮੁਸਲਮਾਨਾਂ ਤੇ ਐੱਸ ਸੀ ਵਰਗ ਦਾ ਜਿੰਨਾ ਘਾਣ ਮੰਨੂਵਾਦੀਆਂ ਨੇ ਕੀਤਾ ਹੋਰ ਕਿਸੇ ਨੇ ਨਹੀਂ ਕੀਤਾ-ਸੋਮ ਦੱਤ ਸੋਮੀ



**ਫਿਲੌਰ/ਅੱਪਰਾ, (ਦੀਪਾ)-** ਅੱਜ ਅੱਰਾ ਵਿਖੇ ਗੱਲਬਾਤ ਕਰਦਿਆਂ ਸੋਮ ਦੱਤ ਸੋਮੀ ਕੋ-ਚੇਅਰਮੈਨ ਕਾਂਗਰਸ ਐੱਸ. ਸੀ ਵਿੰਗ ਜਿਲਾ ਜਲੰਧਰ ਨੇ ਕਿਹਾ ਕਿ ਪੂਰੇ ਦੇਸ਼ ਦੇ ਅੰਦਰ ਜਿਨਾਂ ਘਾਣ ਮੁਸਲਮਾਨਾਂ, ਐੱਸ. ਸੀ ਵਰਗ ਤੇ ਪਛੜੇ ਵਰਗਾਂ ਦਾ ਮੰਨੂਵਾਦੀਆਂ, ਆਰ. ਐੱਸ. ਐੱਸ ਤੇ ਭਾਜਪਾ ਨੇ ਕੀਤਾ ਹੈ, ਉਨਾਂ ਹੋਰ ਕਿਸੇ ਨੇ ਨਹੀਂ ਕੀਤਾ । ਜਾਨਵਰਾਂ ਨੂੰ ਤਾਂ ਪਾਣੀ ਪੀਣ ਦਾ ਅਧਿਕਾਰ ਸੀ ਪਰੰਤੂ ਦਲਿਤਾਂ ਨੂੰ ਮੰਦਿਰ ਵੜਨ, ਘੋੜੀ ਚੜਨ, ਪੜਨ ਦਾ ਅਧਿਕਾਰ ਤੇ ਮੁੱਛ ਰੱਖਣ ਦਾ ਅਧਿਕਾਰ ਤੱਕ ਨਹੀਂ ਦਿੱਤਾ । ਜੇਕਰ ਸਾਨੂੰ ਕੁਝ ਅਧਿਕਾਰ ਮਿਲੇ ਹਨ ਤਾਂ ਉਹ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਬਦੌਲਤ ਹੀ ਮਿਲੇ ਹਨ । ਅੱਜ ਬਿਹਾਰ ਦੇ ਅੰਦਰ ਇੱਕ ਵੀ ਸੀਟ ਕਿਸੇ ਮੁਸਲਮਾਨ ਉਮੀਦਵਾਰਾਂ ਨੂੰ ਨਹੀਂ ਦਿੱਤੀ, ਜੋ ਕਿ ਇਨਾਂ ਦੀ ਮੁਸਲਮਾਨ ਵਰਗ ਦੇ ਪ੍ਰਤੀ ਨਫ਼ਰਤ ਭਰੀ ਸੋਚ ਦਾ ਪ੍ਰਤੀਕ ਹੈ । ਜੇਕਰ ਰਾਮ ਮੰਦਿਰ ਦਾ ਫੈਸਲਾ ਮੁਸਲਮਾਨਾਂ ਦੇ ਹੱਕ 'ਚ ਆ ਜਾਂਦਾ ਤਾਂ ਇਨਾਂ ਨੇ ਪੂਰੇ ਦੇਸ਼ 'ਚ ਦੰਗੇ ਫੈਲਾ ਦੇਣੇ ਸਨ ਤੇ ਪੂਰੇ ਦੇਸ਼ ਨੂੰ ਅੱਗ 'ਚ ਝੋਕ ਦੇਣਾ ਸੀ, ਜਦਕਿ ਮੁਸਲਮਾਨਾਂ ਨੇ ਮਾਣਯੋਗ ਅਦਾਲਤ ਦੇ ਫੈਸਲੇ ਨੂੰ ਸਿਰੇ ਮੱਥੇ ਸਵਿਕਾਰ ਕੀਤਾ ਹੈ । ਸੋਮ ਦੱਤ ਸੋਮੀ ਨੇ ਅੱਗੇ ਕਿਹਾ ਕਿ ਜਦਕਿ ਕਾਂਗਰਸ ਪਾਰਟੀ ਨੇ ਹਰ ਵਰਗ ਨੂੰ ਮਾਣ ਸਤਿਕਾਰ ਦਿੱਤਾ ਹੈ ਤੇ ਸਭਨਾਂ ਨੂੰ ਇੱਕ ਗੁਲਦਸਤੇ 'ਚ ਪਿਰੋਇਆ ਹੈ ।

# ਨਵੀਂ ਪੀੜ੍ਹੀ ਦੇਸ਼ ਨੂੰ ਕੁਰੀਤੀਆਂ ਤੋਂ ਆਜ਼ਾਦ ਕਰਵਾਉਣ ਦੇ ਯਤਨ ਕਰੇ- ਬਲਜਿੰਦਰ ਮਾਨ





**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਨਵੀਂ ਪੀੜੀ ਦੇਸ਼ ਨੂੰ ਕੁਰੀਤੀਆਂ ਤੋਂ ਆਜ਼ਾਦ ਕਰਵਾਉਣ ਦੇ ਯਤਨ ਕਰੇ। ਇਹ ਵਿਚਾਰ ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਪੰਜਾਬੀ ਦੇ ਇੱਕੋ ਇੱਕ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਅਤੇ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਸਕੂਲ ਆਫ ਐਮੀਨੈਂਸ ਖੁਆਸਪੁਰ ਹੀਰਾਂ ਵਿਖੇ ਐਨਐਸਐਸ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਆਖੇ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆ ਸੱਤ ਅੱਠ ਦਹਾਕੇ ਬੀਤ ਚੁੱਕੇ ਨੇ ਪਰ ਦੇਸ਼ ਵਿੱਚ ਅਜ ਵੀ ਗਰੀਬੀ, ਬੇਕਾਰੀ, ਭੁੱਖਮਰੀ, ਜਾਤ ਪਾਤ ਅਤੇ ਮਜ਼੍ਹਬੀ ਕੱਟੜਤਾ ਦਾ ਬੋਲ ਬਾਲਾ ਹੈ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਸਾਨੂੰ ਸਭ ਨੂੰ ਇੱਕਜੁਟ ਹੋ ਕੇ ਇੱਕ ਹੋਰ ਆਜ਼ਾਦੀ ਦੀ ਜੰਗ ਲੜਨੀ ਪੈਣੀ ਹੈ ਜਿਸ ਵਿੱਚ ਨਵੀਂ ਪੀਊੜੀ ਵਿਸ਼ੇਸ਼ ਭੂਮਿਕਾ ਅਦਾ ਕਰ ਸਕਦੀ ਹੈ। ਉਨ੍ਹਾਂ ਵਲੰਟੀਅਰਜ਼ ਨੂੰ ਕਿਹਾ ਕਿ ਐਨਐਸਐਸ ਦੇ ਮੈਂਬਰ ਬਣ ਕੇ ਤੁਸੀਂ ਦੇਸ਼ ਕੌਮ ਦੇ ਨਵ ਨਿਰਮਾਣ ਵਿੱਚ ਅਹਿਮ ਯੋਗਦਾਨ ਪਾ ਸਕਦੇ ਹੋ। ਦੇਸ਼ ਵਿੱਚ ਵਰਤ ਰਹੇ ਵਰਤਾਰਿਆਂ ਨੂੰ ਮੋੜਾ ਦੇਣ ਦੀ ਸਮਰੱਥਾ ਨਵੀਂ ਪਨੀਰੀ ਦੇ ਹੱਥ ਵਿੱਚ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਅੰਦਰ ਦ੍ਰਿੜ ਨਿਸ਼ਚਾ,ਮਿਹਨਤ, ਲਗਨ, ਕਿਰਤ, ਸਾਂਝੀਵਾਲਤਾ, ਸਮਤਾ, ਇਮਾਨਦਾਰੀ ਅਤੇ ਹਿੰਮਤ ਵਰਗੇ ਗੁਣ ਭਰਨੇ ਪੈਣਗੇ। ਇਹਨਾਂ ਗੁਣਾਂ ਸਦਕਾ ਹੀ ਉਹ ਇੱਕ ਉਦਾਹਰਨ ਬਣ ਕੇ ਦੇਸ਼ ਨੂੰ ਨਵੀਆਂ ਲੀਹਾਂ ਪ੍ਰਦਾਨ ਕਰ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਨਰੋਈਆਂ ਪੁਸਤਕਾਂ ਪੜ੍ਹਨ, ਚੰਗੀ ਸੰਗਤ, ਸਹਿਣਸ਼ੀਲ, ਆਗਿਆਕਾਰੀ ਅਤੇ ਮਿੱਠੀ ਬੋਲ- ਬਾਣੀ ਦੇ ਧਾਰਨੀ ਬਣਨ ਲਈ ਵੀ ਪ੍ਰੇਰਿਤ ਕੀਤਾ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਬੈਸਟ ਵਲੰਟੀਅਰ ਵੰਸ਼ਿਕਾ ,ਅਮਿਤ ਕੁਮਾਰ, ਕੋਮਲ, ਰਾਜਵੀਰ ਸਿੰਘ ਅਤੇ ਗੌਤਮ ਨੂੰ ਪੁਸਤਕਾਂ ਦੇ ਸੈਟਾਂ ਨਾਲ ਨਿਵਾਜਿਆ। ਇਸੇ ਤਰ੍ਹਾਂ ਸਕੂਲ ਲਾਇਬ੍ਰੇਰੀ ਵਾਸਤੇ ਪੁਸਤਕਾਂ ਦਾ ਸੈੱਟ ਪ੍ਰਿੰਸੀਪਲ ਰਮਨਦੀਪ ਕੌਰ ਨੂੰ ਪ੍ਰਦਾਨ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਮੈਗਜ਼ੀਨ ਦੀਆਂ ਕਾਪੀਆਂ ਵੱਡੀਆਂ ਗਈਆਂ। ਬੈਸਟ ਟੀਮ ਸਪਿਰਟ ਦਾ ਅਵਾਰਡ ਰੈਡ ਗਰੁੱਪ ਨੂੰ ਅਤੇ ਬੈਸਟ ਸਪੀਕਰ ਦਾ ਇਨਾਮ ਮਨਦੀਪ ਸਿੰਘ ਅਤੇ ਸ਼ਿਫਾ ਨੂੰ ਮਿਲਿਆ।ਇਸ ਮੌਕੇ ਐਨਐਸਐਸ ਕੈਂਪ ਦੌਰਾਨ ਵਧੀਆ ਕਾਰਜ ਕਰਨ ਵਾਲੇ ਵਲੰਟੀਅਰਸ ਨੂੰ ਸਰਟੀਫਿਕੇਟ ਵੀ ਵੰਡੇ ਗਏ।

ਇਸ ਮੌਕੇ ਐਨਐਸਐਸ ਦੀ ਪ੍ਰੋਗਰਾਮ ਅਫ਼ਸਰ ਸੁਖਜੀਤ ਕੌਰ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹਨਾਂ ਲਈ ਅੱਜ ਬਹੁਤ ਮਾਣ ਵਾਲੀ ਗੱਲ ਹੈ ਕਿ ਐਨਐਸਐਸ ਵਲੰਟੀਅਰ ਵਜੋਂ ਆਪਣੇ ਜੀਵਨ ਦੀ ਸ਼ੁਰੂਆਤ ਕਰਨ ਵਾਲੇ ਉੱਘੇ ਦੇਸ਼ ਪ੍ਰੇਮੀ, ਲੇਖਕ, ਸੰਪਾਦਕ ਅਤੇ ਪੱਤਰਕਾਰ ਵਿਦਿਆਰਥੀਆਂ ਦੇ ਰੂਬਰੂ ਹੋ ਰਹੇ ਹਨ। ਸਾਨੂੰ ਉਨ੍ਹਾਂ ਦੇ ਤਜਰਬਿਆਂ ਤੋਂ ਸਿੱਖਿਆ ਲੈ ਕੇ ਸਮਾਜ ਵਿਚ ਸਨਮਾਨਯੋਗ ਸਥਾਨ ਪ੍ਰਾਪਤ ਕਰਨਾ ਚਾਹੀਦਾ ਹੈ। ਪ੍ਰਿੰਸੀਪਲ ਰਮਨਦੀਪ ਕੌਰ ਨੇ ਬਲਜਿੰਦਰ ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਸ਼ਖਸ਼ੀਅਤਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਪ੍ਰੇਰਨਾ ਦਾ ਸਰੋਤ ਹਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖਿਆ, ਸਾਹਿਤ, ਕਲਾ, ਸੱਭਿਆਚਾਰ, ਖੇਡਾਂ ਅਤੇ ਸਮਾਜ ਸੇਵਾ ਦੇ ਲੇਖੇ ਲਾਇਆ ਹੈ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਸਿੱਖਿਆ ਵਿਭਾਗ ਯੋਧਾ ਮੱਲ ਅਤੇ ਕਾਰਪੋਰੇਸ਼ਨ ਸਵੱਛਤਾ ਅਧਿਕਾਰੀ ਮੈਡਮ ਮੀਨਾ ਕੁਮਾਰੀ ਉਚੇਚੇ ਤੌਰ ਤੇ ਹਾਜ਼ਰ ਹੋਏ। ਵਲੰਟੀਅਰ ਸਨਮਾਨ ਸਮਾਰੋਹ ਦੇ ਪ੍ਰਬੰਧਾਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਲੈਕਚਰਾਰ ਸਟਾਫ ਮੈਂਬਰ ਕੁਲਵੀਰ ਕੌਰ, ਪ੍ਰੀਤੀ ਸੋਨੀ, ਮੀਨਾਕਸ਼ੀ, ਸਰੀਤਾ, ਹਰਜਿੰਦਰ ਸਿੰਘ, ਅਮਨਦੀਪ ਕੌਰ, ਸੰਦੀਪ ਕੌਰ, ਰਾਜਵਿੰਦਰ ਕੌਰ ਆਦਿ ਨੇ ਭੂਮਕਾ ਅਦਾ ਕੀਤੀ। ਸਭ ਦਾ ਧੰਨਵਾਦ ਕਰਦਿਆਂ ਐਨਐਸਐਸ ਯੂਨਿਟ ਦੀ ਪ੍ਰੋਗਰਾਮ ਅਫ਼ਸਰ ਸੁਖਜੀਤ ਕੌਰ ਨੇ ਕਿਹਾ ਕਿ ਸਾਨੂੰ ਸਭ ਨੂੰ ਆਪੋ ਆਪਣੀ ਜ਼ਿਮੇਵਾਰੀ ਬਾਖ਼ੂਬੀ ਨਿਭਾਉਣੀ ਚਾਹੀਦੀ ਹੈ।

**ਫੋਟੋ ਅਜਮੇਰ ਦੀਵਾਨਾ**

# ਸਿੱਖ ਨੈਸ਼ਨਲ ਕਾਲਜ ਆਪਣੇ ਇਤਿਹਾਸ 'ਚ ਲਗਾਤਾਰ ਪੰਜਵੀਂ ਵਾਰ ਬਣਿਆ ਯੂਥ ਫੈਸਟੀਵਲ ਚੈਂਪੀਅਨ

## ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਹੋਏ ਸਮਾਪਨ ਸਮਾਰੋਹ 'ਤੇ ਸ਼ਾਮਲ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਆਯੋਜਿਤ ਅੰਤਰ ਕਾਲਜ ਜ਼ੋਨਲ ਯੂਥ ਫੈਸਟੀਵਲ (ਜ਼ੋਨ-ਡੀ) ਦਾ ਦੂਜਾ ਦਿਨ ਬੇਹੱਦ ਉਤਸ਼ਾਹ ਭਰਪੂਰ ਰਿਹਾ। ਕਾਲਜ ਦਾ ਵਿਹੜਾ ਉਦੋਂ ਸੰਗੀਤ, ਨਾਚਾਂ ਅਦਾਕਾਰੀ ਤੇ ਲੋਕ ਸਾਜ਼ਾਂ ਦੀਆਂ ਗੂੰਜਾਂ ਨਾਲ ਪ੍ਰਫੁੱਲਿਤ ਹੋ ਉੱਠਿਆ ਜਦੋਂ ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਵਿੱਚ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਲਈ ਸਮਾਪਨ ਸਮਾਰੋਹ 'ਤੇ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਨਾਲ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ ਵੀ ਆਏ। ਆਪਣੇ ਸੰਬੋਧਨ 'ਚ ਮਲਵਿੰਦਰ ਕੰਗ ਨੇ ਆਖਿਆ ਕਿ ਪੰਜਾਬ ਦੀ ਜਵਾਨੀ ਵਿੱਚ ਪ੍ਰਤਿਭਾ ਦੀ ਕੋਈ ਕਮੀਂ ਨਹੀਂ ਹੈ ਤੇ ਸਿੱਖ ਨੈਸ਼ਨਲ ਕਾਲਜ ਨੇ ਇਹ ਯੂਥ ਫੈਸਟੀਵਲ ਦਾ ਮੰਚ ਦੇ ਕੇ ਨੌਜਵਾਨਾਂ ਦੀ ਪ੍ਰਤਿਭਾ ਨੂੰ ਵੱਡਾ ਹੁਲਾਰਾ ਦਿੱਤਾ ਹੈ। ਕਾਲਜ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਜੱਜਾਂ ਵੱਲੋਂ ਐਲਾਨੇ ਨਤੀਜਿਆਂ ਵਿੱਚ ਸਿੱਖ ਨੈਸ਼ਨਲ ਕਾਲਜ 114 ਅੰਕਾਂ ਨਾਲ ਰਿਕਾਰਡ ਲਗਾਤਾਰ ਪੰਜਵੀਂ ਵਾਰ ਓਵਰਆਲ ਚੈਂਪੀਅਨ ਬਣਿਆ। ਭੰਗੜੇ 'ਚੋਂ ਵਿਦਿਆਰਥੀ ਦਿਪਤਾਂਸ਼ੂ ਫਸਟ ਬੈਸਟ ਡਾਂਸਰ, ਲੋਕ ਸਾਜ਼ ਵਾਦਨ 'ਚੋਂ ਅਮਰਦੀਪ ਸਿੰਘ ਫਸਟ ਅਤੇ ਸ਼ਾਹਿਦ ਅਲੀ ਸੈਕੰਡ ਬੈਸਟ ਇੰਸਟ੍ਰੂਮੈਂਟ ਪਲੇਅਰ ਚੁਣੇ ਗਏ। ਓਵਰਆਲ ਦੂਜਾ ਸਥਾਨ ਹਿੰਦੂ ਕੰਨਿਆ ਕਾਲਜ ਕਪੂਰਥਲਾ ਤੇ ਤੀਜਾ ਸਥਾਨ ਗੁਰੂ ਨਾਨਕ ਖ਼ਾਲਸਾ ਕਾਲਜ ਸੁਲਤਾਨ ਪੁਰ ਲੋਧੀ ਦੇ ਨਾਂ ਰਿਹਾ। ਤਿੰਨਾਂ ਜੇਤੂ ਕਾਲਜਾਂ ਨੂੰ




ਇਨਾਮ ਦੇਣ ਦੀ ਰਸਮ ਡਾ. ਅਮਨਦੀਪ ਸਿੰਘ (ਡਾਇਰੈਕਟਰ, ਯੁਵਕ ਭਲਾਈ ਵਿਭਾਗ,ਗੁਰੂ ਨਾਨਕ ਦੇਵ ਯੂਨੀਵਰਸਿਟੀ) ਸ. ਜਰਨੈਲ ਸਿੰਘ ਪੱਲੀ ਝਿੱਕੀ (ਸਕੱਤਰ,ਸਥਾਨਕ ਪ੍ਰਬੰਧਕ ਕਮੇਟੀ) ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ,ਡਾ. ਇੰਦੂ ਰੱਤੀ ਤੇ ਡਾ. ਗੁਰਵਿੰਦਰ ਸਿੰਘ (ਡੀਨ,ਕਲਾ ਤੇ ਸੱਭਿਆਚਾਰ ਵਿਭਾਗ ) ਨੇ ਨਿਭਾਈ। ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਯੂਥ ਫੈਸਟੀਵਲ ਦੀ ਮੇਜ਼ਬਾਨੀ ਦੇਣ ਲਈ ਯੂਨੀਵਰਸਿਟੀ ਨੁਮਾਇੰਦਿਆਂ,ਖਾਸ ਤੌਰ 'ਤੇ ਡਾ. ਅਮਨਦੀਪ ਸਿੰਘ, ਸਮੁੱਚੇ ਭਾਗੀਦਾਰ ਕਾਲਜਾਂ ਤੇ ਸਫ਼ਲ ਆਯੋਜਨ ਲਈ ਦਿਨ ਰਾਤ ਇੱਕ ਕਰਨ ਵਾਲੇ ਆਪਣੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਤੇ ਹਮੇਸ਼ਾ ਹਰ ਕਾਰਜ ਵਿੱਚ ਮੋਢੇ ਨਾਲ ਮੋਢਾ ਜੋੜ ਖਲੋਣ ਵਾਲੇ ਸ. ਜਰਨੈਲ ਸਿੰਘ ਪੱਲੀ ਝਿੱਕੀ (ਸਕੱਤਰ)ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ। ਮੰਚ ਸੰਚਾਲਨ ਦਾ ਜ਼ਿੰਮਾ ਡਾ. ਨਿਰਮਲਜੀਤ ਕੌਰ, ਪ੍ਰੋ. ਤਜਿੰਦਰ ਸਿੰਘ, ਪ੍ਰੋ. ਪੂਜਾ, ਤੇ ਪ੍ਰੋ. ਪ੍ਰੀਤ ਕਮਲ ਨੇ ਬਾਖ਼ੂਬੀ ਨਿਭਾਇਆ। ਯੂਥ ਫੈਸਟੀਵਲ ਕੋਆਰਡੀਨੇਟਰ ਡਾ. ਗੁਰਵਿੰਦਰ ਸਿੰਘ ਤੇ ਕੋ-ਕੋਆਰਡੀਨੇਟਰ ਲਾਇਬ੍ਰੇਰੀਅਨ ਮਨਮੰਤ ਸਿੰਘ ਨੇ ਜੇਤੂ ਵਿਦਿਆਰਥੀ ਕਲਾਕਾਰਾਂ, ਟੀਮਾਂ ਦੇ ਇੰਚਾਰਜ ਅਧਿਆਪਕਾਂ ਤੇ ਕੋਚਾਂ ਨੂੰ ਇਸ ਮਾਣਮੱਤੀ ਪ੍ਰਾਪਤੀ ਲਈ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ ਤੇ ਭਰਪੂਰ ਸਹਿਯੋਗ ਲਈ ਸਮੁੱਚੇ ਸਟਾਫ਼ ਦਾ ਸ਼ੁਕਰੀਆ ਅਦਾ ਕੀਤਾ ਤੇ ਕਿਹਾ ਕਿ ਇਹ ਜੇਤੂ ਟਰਾਫ਼ੀ ਅਤੇ ਸਫ਼ਲ ਆਯੋਜਨ ਸਮੂਹ ਸਟਾਫ਼ ਦੀ ਲਗਨ,ਅਨੁਸ਼ਾਸਨ ਅਤੇ ਟੀਮ ਭਾਵਨਾ ਦੀ ਨਿਸ਼ਾਨੀ ਹੈ।


ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.
MANJEET SINGH KHANBA
Award Winner 1999, 2001 & 2005
(2 Awards) BSYA
EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13
TONICS - 1) £120
2) (NERVE TONIC) £120
ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:
ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :
ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')
ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ
ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)
PILAES £19
NURALACO £19
CHILLAGA £19
ARNSTRA £19
BELINFLA £19
BELULCE £19
BRYJOIN £19
CALWOUN £19
BURCAN £19
ROUTUM £19
JOINRHU £19
ABSSIL £19
ITCSUL £19
WARTHU £19
HOMOEOPATHIC HEALTH CLINIC £10
ALL INFORMATION IS KEPT STRICTLY CONFIDENTIAL
PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com
OPEN 7 DAYS STRICTLY ON APPOINTMENTS

# ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੀ ਜਥੇਬੰਦੀ ਵਲੋਂ 28 ਨੂੰ ਮੁਕੰਮਲ ਹੜਤਾਲ ਕਰਨ ਦਾ ਫ਼ੈਸਲਾ

## ਬਿਜਲੀ ਮੰਤਰੀ ਦੀ ਕੋਠੀ ਲੁਧਿਆਣਾ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਆਪਣੀ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕੀਤੇ ਜਾ ਰਹੇ ਹਨ। ਸੰਘਰਸ਼ ਦੇ ਦੌਰਾਨ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਵੀ ਜਾਰੀ ਹੈ। ਪਰ ਪੰਜਾਬ ਦੀ ਸਰਕਾਰ ਲਗਾਤਾਰ ਟੋਲ ਮਟੋਲ ਦੀ ਨੀਤੀ ਅਪਣਾ ਰਹੀ ਹੈ। ਇਸ ਦੀ ਜਾਣਕਾਰੀ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੂਬਾ ਜਰਨਲ ਸਕੱਤਰ ਰਾਜੇਸ਼ ਕੁਮਾਰ ਮੌੜ ਤੇ ਸੂਬਾ ਪ੍ਰੈੱਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਦਸਿਆ ਕਿ ਬਿਜਲੀ ਵਿਭਾਗ ਅੰਦਰ ਕੰਮ ਕਰਦੇ ਆਊਟ ਸੋਰਸਡ ਕਾਮਿਆਂ ਦੀ ਵੱਡੀਆਂ ਧਨਾਟ ਕੰਪਨੀਆਂ ਵੱਲੋਂ ਰੱਤ ਨਚੋੜੀ ਜਾ ਰਹੀ ਹੈ। ਮੌਜੂਦਾ ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰ ਸਮੂਹ ਆਊਟ ਸੋਰਸਡ ਠੇਕਾ ਕਾਮਿਆਂ ਨੂੰ ਪੱਕਾ ਕੀਤਾ ਜਾਵੇਗਾ ਪਰ ਤਿੰਨ ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਕਾਮੇ ਨੂੰ ਪੱਕਾ ਨਹੀਂ ਕੀਤਾ। ਬਿਜਲੀ ਦਾ ਕਰੰਟ ਲੱਗਣ ਕਾਰਨ ਕਾਮਿਆਂ ਦੀਆਂ ਲਗਾਤਾਰ ਕੀਮਤੀ ਜਾਨਾਂ ਜਾ ਰਹੀਆਂ ਹਨ ਅਤੇ ਜਥੇਬੰਦੀ ਵੱਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਹੈ ਕਿ ਨਿੱਜੀਕਰਨ ਦੀ ਨੀਤੀ ਰੱਦ ਕਰ ਸਮੂਹ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ ਸਮੇਤ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਲਾਗੂ ਕਰਨ ਅਤੇ ਹਾਦਸਾ ਪੀੜਤ ਲਈ ਪੱਕੀ ਨੌਕਰੀ ਪੱਕੀ ਪੈਨਸ਼ਨ ਦੀ ਗਰੰਟੀ ਕਰਨ ਐਨਸੀਸੀ ਕੱਢੇ ਕਾਮਿਆਂ ਨੂੰ ਤੁਰੰਤ ਬਹਾਲ ਅਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਦੇ ਹੱਲ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਪੰਜਾਬ ਸਮੇਤ ਵਿੱਤ ਮੰਤਰੀ ਅਤੇ ਬਿਜਲੀ ਮੰਤਰੀ ਅਤੇ ਸਰਕਾਰ ਦੇ ਨੁਮਾਇੰਦਿਆਂ ਨਾਲ ਕਈ ਵਾਰ ਬੈਠਕਾਂ ਹੋਈਆਂ ਜਿਸ ਵਿੱਚ



ਪਾਵਰਕੌਮ ਬੋਰਡ ਮੈਨੇਜਮੈਂਟ ਵੱਲੋਂ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ ਦਾ ਏਜੰਡਾ ਪਾਸ ਕਰਕੇ ਪੰਜਾਬ ਸਰਕਾਰ ਨੂੰ ਭੇਜ ਦਿੱਤਾ ਗਿਆ ਪਰ ਪੰਜਾਬ ਦੀ ਸਰਕਾਰ ਇਸ ਅਜੰਡੇ ਨੂੰ ਲਾਗੂ ਨਹੀਂ ਕਰ ਰਹੀ ਜਿਸ ਦੇ ਕਾਰਨ ਠੇਕਾ ਕਾਮਿਆਂ ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। 16 ਅਕਤੂਬਰ 202 ਨੂੰ ਬਿਜਲੀ ਮੰਤਰੀ ਦੇ ਕੋਠੀ ਦੇ ਘਰਾਓ ਤਹਿਤ ਪਾਵਰ ਕਾਮ ਦੀ ਮੈਨੇਜਮੈਂਟ ਨੇ 24 ਅਕਤੂਬਰ ਨੂੰ ਬਿਜਲੀ ਮੰਤਰੀ ਨਾਲ ਮੀਟਿੰਗ ਫਿਕਸ ਕਰਵਾਈ ਸੀ ਪਰ ਬੋਰਡ ਮੈਨੇਜਮੈਂਟ ਵੱਲੋਂ 24 ਤਰੀਕ ਤੋਂ ਇੱਕ ਦਿਨ ਪਹਿਲਾਂ ਫੋਨ ਗੱਲਬਾਤ ਰਾਹੀਂ ਜਵਾਬ ਦੇ ਦਿੱਤਾ ਗਿਆ ਕਿ ਬਿਜਲੀ ਮੰਤਰੀ ਜੀ ਕਰਨਾਟਕਾ ਵਿਖੇ ਕਿਸੇ ਕੰਮ ਲਈ ਗਏ ਹੋਏ ਨੇ ਜਿਸ ਕਰਕੇ 24 ਅਕਤੂਬਰ ਦੀ ਮੀਟਿੰਗ ਨਹੀਂ ਹੋ ਸਕਦੀ ਪਾਵਰ ਕਾਮ ਦੀ ਮੈਨੇਜਮੈਂਟ ਨੇ ਜਵਾਬ ਦਿੰਦੇ ਆ ਆਖਿਆ ਕਿ ਆਉਣ ਵਾਲੇ ਸਮੇਂ ਵਿੱਚ ਮੰਤਰੀ ਜੀ ਦੀ ਵਾਪਸੀ ਤੇ ਮੁੜ ਜਥੇਬੰਦੀ ਨੂੰ ਮੀਟਿੰਗ ਦਾ ਸੱਦਾ ਦੇ ਦਿੱਤਾ ਜਾਵੇਗਾ। ਜਿਸ ਕਰਕੇ ਠੇਕਾ ਕਾਮਿਆਂ ਵਲੋਂ ਫ਼ੈਸਲਾ ਕੀਤਾ ਕਿ ਮਿਤੀ 28 ਅਕਤੂਬਰ 2025 ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਬੱਚਿਆਂ ਤੇ ਪਰਿਵਾਰਾਂ ਸਮੇਤ ਲਗਾਤਾਰ ਰੋਸ ਧਰਨਾ ਦਿੱਤਾ ਜਾਵੇਗਾ।

# ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵੱਖ-ਵੱਖ ਸਕੂਲਾਂ ਵਿੱਚ ਤੀਜੇ ਬੈਚ ਵਿੱਚ ਸਾਇੰਸ, ਗਣਿਤ, ਸਮਾਜਿਕ ਵਿਗਿਆਨ ਅਤੇ ਅੰਗਰੇਜ਼ੀ ਵਿਸ਼ਿਆਂ ਦੇ ਮੇਲਿਆਂ ਦਾ ਸਫਲਤਾਪੂਰਵਕ ਆਯੋਜਨ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** - ਸਿੱਖਿਆ ਵਿਭਾਗ ਅਤੇ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ ਜੀ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਰਜਿੰਦਰ ਕੁਮਾਰ ਸੋਨੀ ਜੀ, ਅਕਾਦਮਿਕ ਸਹਾਇਤਾ ਗਰੁੱਪ ਦੇ ਡੀਆਰਸੀ ਸ. ਗੁਰਮੇਲ ਸਿੰਘ ਸਾਗੂ ਜੀ ਦੀ ਯੋਗ ਅਗਵਾਈ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵੱਖ-ਵੱਖ ਸਕੂਲਾਂ ਵਿੱਚ ਤੀਜੇ ਬੈਚ ਵਿੱਚ ਸਾਇੰਸ, ਗਣਿਤ, ਸਮਾਜਿਕ ਵਿਗਿਆਨ ਅਤੇ ਅੰਗਰੇਜ਼ੀ ਵਿਸ਼ਿਆਂ ਦੇ ਮੇਲੇ ਕਰਵਾਏ ਗਏ। ਜਸਵਿੰਦਰ ਪਾਲ ਸ਼ਰਮਾ ਨੂੰ ਇਹ ਜਾਣਕਾਰੀ ਦਿੰਦੇ ਹੋਏ ਡੀਆਰਸੀ ਗੁਰਮੇਲ ਸਿੰਘ ਸਾਗੂ ਜੀ




ਨੇ ਦੱਸਿਆ ਕਿ ਵਿਭਾਗ ਦੁਆਰਾ ਇਹਨਾਂ ਮੇਲਿਆਂ ਨੂੰ ਪੰਜ ਬੈਚਾਂ 'ਚ ਵੰਡ ਕੇ ਸਬਜਿਕਟ ਮੇਲੇ ਕਰਵਾਏ ਜਾ ਰਹੇ ਹਨ । ਉਹਨਾਂ ਦੱਸਿਆ ਕਿ ਜਿੱਥੇ ਇਹਨਾ ਮੇਲਿਆਂ ਵਿੱਚ ਵੱਖ ਵੱਖ ਸਕੂਲਾਂ ਦੇ ਸਕੂਲ ਮੁਖੀ ਸਾਹਿਬਾਨ ਅਤੇ ਸਬੰਧਿਤ ਵਿਸ਼ੇ ਦੇ ਅਧਿਆਪਕ ਇਹਨਾਂ ਮੇਲਿਆਂ 'ਚ ਵਿਦਿਆਰਥੀਆਂ ਨੂੰ ਅਗਵਾਈ ਦੇ ਰਹੇ ਹਨ, ਉਥੇ ਹੀ ਇਹਨਾਂ ਮੇਲਿਆਂ ਵਿੱਚ ਜ਼ਿਲ੍ਹੇ ਦੇ ਬੀਆਰਸੀਜ਼ ਰਜਿੰਦਰ ਮੋਹਨ, ਅਜੇ ਗਰੋਵਰ, ਜਗਜੀਤ ਸਿੰਘ, ਜਗਸੀਰ ਸਿੰਘ, ਕਮਲਜੀਤ ਸਿੰਘ, ਦਵਿੰਦਰ ਸਿੰਘ, ਮਹਿਮਾ ਸਿੰਘ, ਮਨਪ੍ਰੀਤ ਸਿੰਘ ਬੇਦੀ, ਰਾਹੁਲ ਕੁਮਾਰ ਗੋਇਲ, ਰੁਪਿੰਦਰ ਸਿੰਘ ਅਤੇ ਵਰਿੰਦਰ ਜੀਤ ਸਿੰਘ ਬਿੱਟਾ ਇਹਨਾਂ ਮੇਲਿਆਂ ਵਿੱਚ ਵਿਜ਼ਿਟ ਕਰਕੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰ ਰਹੇ ਹਨ।

# ਸ਼ਮਸ਼ੇਰ ਸ਼ੇਰੀ ਦੀ ਬਰਸੀ ਮਨਾਉਣ ਸਬੰਧੀ ਮੀਟਿੰਗ ਹੋਈ

**ਸੰਗਰੂਰ**

ਲੋਕ ਸੰਗਰਾਮ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਸੁੱਖਮੰਦਰ ਸਿੰਘ ਨੇ ਅੱਜ ਲਹਿਰਾ ਗਾਗਾ ਇਲਾਕੇ ਦੇ ਸਹਿਯੋਗੀ ਸਾਥੀਆਂ ਨਾਲ,ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਖੋਖਰ ਕਲਾਂ ਵਿਖੇ ਉਨ੍ਹਾਂ ਦੀ ਬਣੀ ਯਾਦਗਰ 'ਤੇ ਉਨ੍ਹਾਂ ਦੀ ਬਰਸੀ ਮਨਾਉਣ ਸਬੰਧੀ ਮੀਟਿੰਗ ਕੀਤੀ । ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲਾ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੁਟਾਲ ਨੇ ਦੱਸਿਆ ਕਿ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਹਰ ਸਾਲ ਉਨਾਂ ਦੇ ਜੱਦੀ ਪਿੰਡ ਖੋਖਰ ਕਲਾਂ ਵਿਖੇ ਬਰਸੀ ਮਨਾਈ ਜਾਂਦੀ ਹੈ। ਉਹ ਸਮਝਦਾ ਸੀ ਕਿ ਮੌਜੂਦਾ ਰਾਜ ਪ੍ਰਬੰਧ ਸਾਮਰਾਜੀਆਂ, ਜਗੀਰਦਾਰਾਂ ਅਤੇ ਨੌਕਰਸ਼ਾਹ ਸਰਮਾਏਦਾਰਾਂ ਦੀ ਲੁੱਟ ਦਾ ਸੰਦ ਬਣਿਆ ਹੋਇਆ ਹੈ । 15 ਅਗਸਤ 1947 ਨੂੰ ਜੋ ਆਜ਼ਾਦੀ ਆਈ ਉਹ ਵੀ ਭਾਰਤੀ ਲੋਕਾਂ ਦੇ ਨਾਲ ਇੱਕ ਧੋਖਾ ਸਾਬਤ ਹੋਈ। ਉਸ ਦੇ ਨਾਲ ਮਜ਼ਦੂਰਾਂ ਕਿਸਾਨਾਂ ਦੀ ਜ਼ਿੰਦਗੀ ਵਿੱਚ ਕੋਈ ਫਰਕ ਨਹੀਂ ਪਿਆ। ਫਰਕ ਸਿਰਫ ਇਹ ਪਿਆ ਕਿ ਗੋਰੇ ਅੰਗਰੇਜ਼ਾਂ ਦੀ ਥਾਂ ਕਾਲੇ ਭਾਰਤੀ ਹਾਕਮ ਗੱਦੀਆਂ ਤੇ ਬਿਰਾਜਮਾਨ ਹੋ ਗਏ। ਹੁਣ ਭਾਰਤ ਦੇ ਬਹੁਤ



ਹਿੱਸਿਆਂ ਵਿੱਚ ਜ਼ਮੀਨ ਬਚਾਉਣ ਦੀ ਲੜਾਈ ਚੱਲ ਰਹੀ ਹੈ। ਵਸਤਰ ਦੇ ਜੰਗਲਾਂ ਵਿੱਚ ਖਾਨਿਜ ਪਦਾਰਥਾਂ ਦੇ ਭੰਡਾਰ ਸਾਮਰਾਜੀਆਂ ਨੂੰ ਲੁਟਾਉਣ ਲਈ ਇਨਕਲਾਬੀ ਲਹਿਰ ਤੇ ਖੂਨੀ ਹਮਲਾ ਵਿੱਢਿਆ ਹੋਇਆ ਹੈ। ਉਥੋਂ ਦੇ ਲੋਕ ਵੀ ਆਪਣੇ ਉਜਾੜੇ ਨੂੰ ਰੋਕਣ ਦੇ ਲਈ ਹਕੂਮਤ ਵਿਰੁੱਧ ਸੰਘਰਸ਼ ਕਰ ਰਹੇ ਹਨ। ਕਾਮਰੇਡ ਸ਼ਮਸ਼ੇਰ ਸ਼ੇਰੀ ਮਜ਼ਦੂਰ ਕਿਸਾਨਾਂ ਦੀ ਪੁੱਗਤ ਵਾਲਾ -ਲੋਕਾਸ਼ਾਹੀ ਰਾਜ- ਲਿਆਉਣ ਲਈ ਪੂਰੀ ਜ਼ਿੰਦਗੀ ਸੰਘਰਸ਼ ਕਰਦਾ ਰਿਹਾ। ਲੋਕ ਸੰਗਰਾਮ ਮੋਰਚਾ ਕਾਮਰੇਡ ਸ਼ਮਸ਼ੇਰ ਸ਼ੇਰੀ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰਦਾ ਰਹੇਗਾ। ਮੀਟਿੰਗ ਵਿੱਚ ਫੈਸਲਾ ਕੀਤਾ ਕਿ ਹੁਣ 29 ਨਵੰਬਰ ਨੂੰ 11 ਵਜੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਯਾਦਗਰ ਉੱਤੇ ਖੋਖਰ ਕਲਾਂ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾਵੇ। ਇਸ ਦੀ ਤਿਆਰੀ ਲਈ ਇਲਾਕੇ ਦੇ ਵਿੱਚ ਲੋਕਾਂ ਨਾਲ ਸੰਪਰਕ ਮੁਹਿੰਮ ਚਲਾਈ ਜਾਵੇਗੀ।

**ਜਗਜੀਤ ਸਿੰਘ ਭੁਟਾਲ**
**ਪ੍ਰਧਾਨ ਜਮਹੂਰੀ ਅਧਿਕਾਰ ਸਭਾ ਪੰਜਾਬ**
**ਜ਼ਿਲਾ ਇਕਾਈ ਸੰਗਰੂਰ**
**9872071050**

for more news visit:
www.samajweekly.com

# ਕਾਰ ਅਤੇ ਅਵਾਰਾ ਪਸ਼ੂ ਦੀ ਟੱਕਰ , ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ , ਜਾਨੀ ਨੁਕਸਾਨ ਦਾ ਬਚਾਅ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਰਾਇਤ ਕਾਲਜ਼ ਰੈਲਮਾਜਰਾ ਕੋਲ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ
ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਤਾ ਉਨ੍ਹਾਂ ਨੇ ਤਰੁੰਤ ਜਾ ਕੇ ਦੇਖਿਆ ਇੱਕ ਕਾਰ ਜਿਸ ਦਾ ਨੰਬਰ ਸੀ ਐਚ 01ਸੀ ਵਾਈ 8758 ਜਿਸ ਨੂੰ ਕਰਨਲ ਐਚ ਸਿੰਘ ਢਿੱਲੋਂ ਪੁੱਤਰ ਕਰਨਲ ਇਕਬਾਲ ਸਿੰਘ ਢਿੱਲੋਂ ਸੈਕਟਰ 38 ਵਾਸੀ ਚੰਡੀਗੜ੍ਹ ਚਲਾ ਰਿਹਾ ਸੀ ਇਹ ਬਲਾਚੌਰ ਸਾਈਡ ਤੋਂ ਰੋਪੜ੍ਹ ਸਾਈਡ ਜਾ ਰਿਹਾ ਸੀ ਜਦੋਂ ਇਹ ਰਾਇਤ ਕਾਲਜ਼ ਦੇ ਨੇੜੇ ਪਹੁੰਚੀਆਂ ਤਾਂ ਅਚਾਨਕ ਕਾਰ ਅੱਗੇ ਅਵਾਰਾ ਪਸ਼ੂ ਆ ਗਿਆ ਜਿਸ ਨਾਲ ਕਾਰ ਦੀ ਭਿਆਨਕ ਟੱਕਰ ਹੋ ਗਈ ਅਤੇ ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਅਤੇ ਚਾਲਕ ਦਾ ਵਾਲ ਵਾਲ ਬਚਾਅ ਹੋ ਕਾਰ ਨੂੰ ਰਿਕਵਰੀ ਵੈਨ ਦੀ ਮਦਦ ਨਾਲ ਸਾਇਡ ਤੇ ਕਰਵਾ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ।



# ਹੁਣ ਕਤਰ ਏਅਰਵੇਜ਼ ਨਾਲ ਦੋਹਾ ਰਾਹੀਂ ਅੰਮ੍ਰਿਤਸਰ - ਟੋਰਾਂਟੋ ਲਈ ਰੋਜ਼ਾਨਾ ਉਡਾਣ ਭਰੋ

ਅਕਤੂਬਰ 26, 2025: ਪੰਜਾਬ ਅਤੇ ਕੈਨੇਡਾ ਵੱਸਦੇ ਪੰਜਾਬੀ ਭਾਈਚਾਰੇ ਲਈ ਹੁਣ ਟੋਰਾਂਟੋ ਜਾਣ ਦਾ ਹਵਾਈ ਸਫਰ ਹੋਰ ਵੀ ਸੁਖਾਲਾ ਹੋ ਗਿਆ ਹੈ। ਦੁਨੀਆਂ ਦੀ ਪ੍ਰਸਿੱਧ ਕਤਰ ਏਅਰਵੇਜ਼ ਨੇ 26 ਅਕਤੂਬਰ ਤੋਂ ਆਪਣੀ ਦੋਹਾ - ਟੋਰਾਂਟੋ ਉਡਾਣਾਂ ਦਾ ਸੰਚਾਲਣ ਰੋਜ਼ਾਨਾ ਕਰ ਦਿੱਤਾ ਹੈ, ਜਿਸ ਨਾਲ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਦੋਹਾ ਰਾਹੀਂ ਕੈਨੇਡਾ ਜਾਣ ਦੇ ਲਈ ਹਵਾਈ ਉਡਾਣਾਂ ਵਿੱਚ ਹੋਰ ਵਾਧਾ ਹੋ ਗਿਆ ਹੈ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਕਨਵੀਨਰ (ਉੱਤਰੀ ਅਮਰੀਕਾ) ਅਨੰਤਦੀਪ ਸਿੰਘ ਢਿੱਲੋਂ ਨੇ ਪ੍ਰੈਸ ਨੂੰ ਜਾਰੀ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਦੋਹਾ-ਟੋਰਾਂਟੋ ਉਡਾਣਾਂ ਦੇ ਵਾਧੇ ਨਾਲ ਅਕਤੂਬਰ ਮਹੀਨੇ ਦੇ ਸ਼ੁਰੂ ਵਿੱਚ ਮਿਲਾਨ ਰਾਹੀਂ ਨਿਓਸ ਏਅਰ ਦੀ ਅੰਮ੍ਰਿਤਸਰ - ਟੋਰਾਂਟੋ ਸੇਵਾ ਨੂੰ ਮੁਅੱਤਲ ਹੋਣ ਤੋਂ ਬਾਅਦ ਯਾਤਰੀਆਂ ਨੂੰ ਕੁੱਝ ਰਾਹਤ ਮਿਲੇਗੀ। ਟੋਰਾਂਟੋ ਲਈ ਰੋਜ਼ਾਨਾ ਉਡਾਣਾਂ ਦੇ ਨਾਲ ਨਾਲ, ਕਤਰ ਏਅਰਵੇਜ਼ ਕੈਨੇਡਾ ਦੇ ਮਾਂਟਰੀਆਲ ਲਈ ਵੀ ਰੋਜ਼ਾਨਾ ਉਡਾਣਾਂ ਨਾਲ ਅੰਮ੍ਰਿਤਸਰ ਨੂੰ ਜੋੜਦੀ ਹੈ। ਟੋਰਾਂਟੋ ਅਤੇ ਮਾਂਟਰੀਅਲ ਤੋਂ ਯਾਤਰੀ ਕੈਨੇਡਾ ਦੇ ਹੋਰਨਾਂ ਸ਼ਹਿਰਾ ਕੈਲਗਰੀ, ਐਡਮਿਨਟਨ ਅਤੇ ਵੈਨਕੂਵਰ ਵੀ ਏਅਰ ਕੈਨੇਡਾ ਜਾਂ ਵੈਸਟਜੈਟ ਏਅਰਲਾਈਨ ਰਾਹੀਂ ਆ ਜਾ ਸਕਦੇ ਹਨ।
ਕਤਰ ਏਅਰਵੇਜ਼ ਨੇ ਦਸੰਬਰ 2024 ਵਿੱਚ ਹਫਤੇ ਵਿੱਚ ਤਿੰਨ ਉਡਾਣਾਂ ਨਾਲ ਆਪਣਾ ਦੋਹਾ-ਟੋਰਾਂਟੋ ਰੂਟ ਸ਼ੁਰੂ ਕੀਤਾ ਸੀ, ਜੂਨ 2025 ਵਿੱਚ ਉਡਾਣਾਂ ਦੀ ਗਿਣਤੀ ਪੰਜ ਕਰ ਦਿੱਤੀ ਗਈ ਸੀ। ਗੁਮਟਾਲਾ ਨੇ ਕਿਹਾ "ਕਤਰ ਏਅਰਵੇਜ਼ ਦੀਆਂ ਰੋਜ਼ਾਨਾ ਅੰਮ੍ਰਿਤਸਰ-ਦੋਹਾ ਉਡਾਣਾਂ ਪਹਿਲਾਂ ਹੀ ਪੰਜਾਬੀਆਂ ਨੂੰ ਅਮਰੀਕਾ, ਕੈਨੇਡਾ, ਯੂਰਪ ਅਤੇ ਆਸਟ੍ਰੇਲੀਆ ਦੇ ਕਈ ਸ਼ਹਿਰਾਂ ਨਾਲ ਜੋੜਦੀਆਂ ਹਨ। ਰੋਜ਼ਾਨਾ ਦੋਹਾ-ਟੋਰਾਂਟੋ ਉਡਾਣਾਂ ਦਾ ਵਿਸਥਾਰ ਹੁਣ ਯਾਤਰੀਆਂ ਨੂੰ ਵਧੇਰੇ ਵਿਕਲਪ ਦਿੰਦਾ ਹੈ, ਖਾਸ ਕਰਕੇ ਆਉਣ ਵਾਲੇ ਸਰਦੀਆਂ ਦੀਆਂ ਛੁੱਟੀਆਂ ਦੌਰਾਨ, ਅਤੇ ਉਹਨਾਂ ਨੂੰ ਦਿੱਲੀ ਹਵਾਈ ਅੱਡੇ 'ਤੇ ਭੀੜ-ਭੜੱਕੇ, ਲੰਬੀਆਂ ਕਤਾਰਾਂ, ਇਮੀਗ੍ਰੇਸ਼ਨ ਤੇ ਸਮਾਨ ਦੀ ਮੁੜ-ਜਾਂਚ ਅਤੇ ਜਮਾਂ ਕਰਾਉਣ ਦੇ ਝੰਜਟਾਂ ਤੋਂ ਛੁਟਕਾਰਾ ਮਿਲੇਗਾ।



SameepSinghGumtala-Global Convener -FlyAmritsar Initiative



Anantdeep Singh Dhillon - Convener North America - FlyAmritsar Initiative

ਗੁਮਟਾਲਾ ਨੇ ਦੱਸਿਆ ਕਿ ਯਾਤਰੀਆਂ ਅਤੇ ਕਤਰ ਦੀ ਭਾਰੀ ਮੰਗ ਦੇ ਬਾਵਜੂਦ, ਕਤਰ ਏਅਰਵੇਜ਼ ਭਾਰਤ-ਕਤਰ ਦੁਵੱਲੇ ਹਵਾਈ ਸੇਵਾ ਸਮਝੌਤੇ ਦੇ ਤਹਿਤ ਅੰਮ੍ਰਿਤਸਰ ਲਈ ਯਾਤਰੀਆਂ ਜਾਂ ਉਡਾਣਾਂ ਦੀ ਗਿਣਤੀ 'ਚ ਵਾਧਾ ਨਹੀਂ ਕਰ ਸਕਦੀ। ਹਵਾਈ ਸਮਝੌਤਿਆਂ ਤਹਿਤ, ਕਤਰ ਅੰਮ੍ਰਿਤਸਰ ਤੋਂ ਹਫ਼ਤੇ 'ਚ ਇੱਕ ਪਾਸੇ ਲਈ ਵੱਧ ਤੋਂ ਵੱਧ ਸਿਰਫ 1,259 ਯਾਤਰੀਆਂ ਨੂੰ ਹੀ ਲੈ ਕੇ ਜਾ ਸਕਦੀ ਹੈ। ਇਸ ਕਾਰਨ ਕਤਰ ਦੀਆਂ ਅੰਮ੍ਰਿਤਸਰ ਲਈ ਉਡਾਣਾਂ ਪੰਜਾਬੀਆਂ ਦੀ ਪਸੰਦ ਅਤੇ ਭਾਰੀ ਮੰਗ ਕਾਰਣ ਦਿੱਲੀ ਨਾਲੋਂ ਅਕਸਰ ਮਹਿੰਗੀਆਂ ਹੁੰਦੀਆਂ ਹਨ।
ਅੰਮ੍ਰਿਤਸਰ ਤੋਂ ਵਧੇਰੇ ਹਵਾਈ ਸੰਪਰਕ ਦੀਆਂ ਚੁਣੌਤੀਆਂ ਨੂੰ ਉਜਾਗਰ ਕਰਦੇ ਹੋਏ, ਢਿੱਲੋਂ ਨੇ ਅੱਗੇ ਕਿਹਾ, "ਜਦੋਂ ਕਿ ਕਤਰ ਏਅਰਵੇਜ਼ ਵਰਗੀਆਂ ਏਅਰਲਾਈਨਾਂ ਅੰਮ੍ਰਿਤਸਰ ਤੋਂ ਹਵਾਈ ਸੰਪਰਕ ਵਧਾਉਣ ਲਈ ਤਿਆਰ ਹਨ, ਭਾਰਤ ਦੀਆਂ ਏਅਰ ਇੰਡੀਆ ਅਤੇ ਇੰਡੀਗੋ ਏਅਰਲਾਈਨ ਅੰਮ੍ਰਿਤਸਰ ਤੋਂ ਟੋਰਾਂਟੋ, ਵੈਨਕੂਵਰ, ਮਿਲਾਨ ਅਤੇ ਰੋਮ ਵਰਗੀਆਂ ਵੱਡੀ ਪੰਜਾਬੀ ਆਬਾਦੀ ਵਾਲੇ ਮੁੱਖ ਅੰਤਰਰਾਸ਼ਟਰੀ ਸਥਾਨਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਨਹੀਂ ਕਰ ਰਹੀਆਂ ਹਨ। ਭਾਰਤ ਸਰਕਾਰ ਨੂੰ ਅੰਮ੍ਰਿਤਸਰ ਅਤੇ ਪੰਜਾਬ ਦਾ ਸਮਰਥਨ ਕਰਨ ਲਈ ਇੱਕ ਵਧੇਰੇ ਖੁੱਲ੍ਹੀ ਅਤੇ ਖੇਤਰੀ ਤੌਰ 'ਤੇ ਸੰਤੁਲਿਤ ਹਵਾਬਾਜ਼ੀ ਨੀਤੀ ਅਪਣਾਉਣੀ ਚਾਹੀਦੀ ਹੈ।"
ਉਹਨਾਂ ਅੱਗੇ ਕਿਹਾ ਕਿ "ਅੰਮ੍ਰਿਤਸਰ ਪੰਜਾਬ ਦਾ ਇਕਲੌਤਾ ਪ੍ਰਮੁੱਖ ਅੰਤਰਰਾਸ਼ਟਰੀ ਹਵਾਈ ਅੱਡਾ ਹੈ, ਜਿੱਥੋਂ ਵਿਦੇਸ਼ੀ ਹਵਾਈ ਸੰਪਰਕ ਦੀ ਮੰਗ ਹਰ ਸਾਲ ਵੱਧ ਰਹੀ ਹੈ। ਫਿਰ ਵੀ, ਹਵਾਈ ਸਮਝੌਤਿਆਂ 'ਚ ਯੂਏਈ ਦੀਆਂ ਐਮੀਰੇਟਸ, ਏਤੀਹਾਦ, ਫਲਾਈ ਦੁਬਈ ਅਤੇ ਹੋਰਨਾਂ ਖਾੜੀ ਮੁਲਕਾਂ ਦੀਆਂ ਏਅਰਲਾਈਨ ਨੂੰ ਹਾਲੇ ਵੀ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਨ ਦੀ ਆਗਿਆ ਨਹੀਂ ਹੈ। ਜੇ ਉਹਨਾਂ ਨੂੰ ਇਜਾਜਤ ਦਿੱਤੀ ਜਾਂਦੀ ਹੈ, ਤਾਂ ਪੰਜਾਬੀਆਂ ਲਈ ਯਾਤਰਾਂ ਦੇ ਵਿਕਲਪਾਂ ਦਾ ਵਿਸਥਾਰ ਹੋਵੇਗਾ, ਸੈਰ-ਸਪਾਟਾ ਅਤੇ ਵਪਾਰ ਨੂੰ ਵੀ ਹੁਲਾਰਾ ਮਿਲੇਗਾ।"

## 2027 'ਚ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨੂੰ ਦਿਓ ਅਸ਼ੀਰਵਾਦ,ਸਾਰੇ ਗਰੀਬਾਂ ਦੇ ਘਰਾਂ ਦੀਆਂ ਛੱਤਾਂ ਲੈਂਟਰਾਂ ਵਾਲੀਆਂ ਹੋਣਗੀਆਂ : ਕਰੀਮਪੁਰੀ

**ਫਗਵਾੜਾ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਉਹਨਾਂ ਪੀੜਤਾਂ ਤੱਕ ਪਹੁੰਚ ਕੀਤੀ ਜਾ ਰਹੀ ਆ ਜਿਨਾਂ ਦੀਆਂ ਹੜ ਦੇ ਦੌਰਾਨ ਭਾਰੀ ਮੀਂਹ ਦੇ ਦੌਰਾਨ ਘਰਾਂ ਦੀਆਂ ਛੱਤਾਂ ਡਿੱਗ ਗਈਆਂ ਤੇ ਅੱਜ ਤੱਕ ਸਰਕਾਰ ਵੱਲੋਂ ਉਹਨਾਂ ਤੱਕ ਕੋਈ ਮਦਦ ਨਹੀਂ ਪਹੁੰਚਾਈ ਗਈ ਇਸ ਦੇ ਤਹਿਤ ਫਗਵਾੜਾ ਦੇ ਪਿੰਡ ਪੀਪਾ ਰੰਗੀ ਦੇ ਵਿੱਚ ਬਹੁਜਨ ਸਮਾਜ ਪਾਰਟੀ ਦੇ ਵੱਲੋਂ ਲਖਵਿੰਦਰ ਜੀ ਦੀ ਮਦਦ ਕੀਤੀ ਗਈ ਜੋ ਕਿ ਵੁਲਵਰਹਓਮਪਟੋਨ ਬੁੱਧਿਸਟ ਲੇਡੀਜ ਗਰੁੱਪ ਦੇ ਸਹਿਯੋਗ ਨਾਲ ਖੁਸ਼ਵਿੰਦਰ ਬਿੱਲਾ ਯੂਕੇ ਜੀ ਦੇ ਯਤਨਾਂ ਨਾਲ ਬਹੁਜਨ ਸਮਾਜ ਪਾਰਟੀ ਦੇ ਟੀਮ ਨੇ ਮਿਲ ਜੁਲ ਕੇ ਪੀੜਿਤ ਪਰਿਵਾਰਾਂ ਨਾਲ ਇਹ ਔਖੇ ਸਮੇਂ ਖੜੇ ਹੋਣ ਦਾ ਫੈਸਲਾ ਕੀਤਾ। ਇਹ ਸ਼ਬਦ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਨੇ ਅੱਜ ਆਪਣੀ ਟੀਮ ਨਾਲ ਆਰਥਿਕ ਮੱਦਦ ਦੇਣ ਸਮੇਂ ਕਹੇਂ ਉਹਨਾਂ ਬਾਹਰ ਬੈਠੇ ਬਸਪਾ ਦੇ ਆਗੂਆਂ, ਵਰਕਰਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਜਿਹੜੇ ਦੁੱਖ ਸੁੱਖ ਵਿੱਚ ਪਾਰਟੀ ਨਾਲ ਖੜਦੇ ਹਨ ਇਸ ਮੌਕੇ ਤੇ ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ, ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ, ਚਰਨਜੀਤ ਕਾਲਾ ਪ੍ਰਧਾਨ ਫਗਵਾੜਾ, ਇੰਜ ਪ੍ਰਦੀਪ ਕੁਮਾਰ ਖਲਵਾੜਾ, ਪ੍ਰਮਿੰਦਰ ਕੁਮਾਰ ਅਤੇ ਹੋਰ ਯੂਥ ਦੀ ਬਹੁਤ ਵਧੀਆ ਟੀਮ ਕੰਮ ਕਰ ਰਹੀ ਹੈ।



# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ

### (ਹਿੰਦ ਦੀ ਚਾਦਰ)

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਹਨ ਅਤੇ ਆਪ ਜੀ ਸਮੁੱਚੀ ਲੋਕਾਈ ਦੇ ਦਿਲਾਂ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ ਅਤੇ ਆਪ ਜੀ ਦੀ ਸੁਹਿਰਦ ਸਖਸ਼ੀਅਤ ਨੂੰ ਕੁਰਬਾਨੀ, ਹੌਸਲੇ ਅਤੇ ਅਡਿੱਠ ਵਿਸ਼ਵਾਸ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਆਪ ਜੀ ਦਾ ਜਨਮ ਮਿਤੀ 1 ਅਪ੍ਰੈਲ, ਸੰਨ 1621 ਈ ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਸਾਹਿਬ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਹੋਇਆ। ਆਪ ਜੀ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਛੇਵੇਂ ਗੁਰੂ ਸਾਹਿਬ ਅਤੇ ਮਾਤਾ ਨਾਨਕੀ ਦੇ ਪੰਜਵੇ ਸਪੁੱਤਰ ਸਨ। ਆਪ ਦੀ ਜਿੰਦਗੀ ਅਤੇ ਸਿੱਖਿਆ ਦੁਨੀਆ ਭਰ ਵਿੱਚ ਲੋਕਾਂ ਨੂੰ ਪ੍ਰੇਰਿਤ ਕਰਦੀ ਹੈ ਅਤੇ ਆਪ ਜੀ ਦੀਆਂ ਸਿੱਖਿਆਵਾਂ ਧਰਮ ਦੀਆਂ ਸੀਮਾਵਾਂ ਨੂੰ ਪਾਰ ਕਰਦੀਆਂ ਹਨ ਅਤੇ ਨਿਆਂ, ਸਮਾਨਤਾ ਅਤੇ ਆਤਮਿਕ ਭਗਤੀ ਦੇ ਮੁੱਲਾਂ 'ਤੇ ਜ਼ੋਰ ਦਿੰਦੀਆਂ ਹਨ।

### ਜਵਾਨੀ ਅਤੇ ਆਤਮਿਕ ਯਾਤਰਾ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਤਿਆਗ ਮਲ ਸੀ, ਜੋ ਉਨ੍ਹਾਂ ਦੀ ਸੰਸਾਰਕ ਪਦਾਰਥਾਂ ਤੋਂ ਨਿਰਮੋਹੀ ਪ੍ਰਕਿਰਤੀ ਨੂੰ ਦਰਸਾਉਂਦਾ ਹੈ। ਛੋਟੀ ਉਮਰ ਤੋਂ ਹੀ ਆਪ ਜੀ ਨੇ ਗਹਿਰੇ ਆਤਮਿਕ ਰੁਝਾਨ ਦਿਖਾਏ ਅਤੇ ਧਿਆਨ ਅਤੇ ਬੰਦਗੀ ਵਿੱਚ ਸਮਾਂ ਬਤੀਤ ਕਰਨਾ ਆਰੰਭ ਕਰ ਦਿੱਤਾ ਸੀ । ਸੰਨ 1635 ਈ ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਜੀ ਦੀ ਬਹਾਦੁਰੀ ਨੂੰ ਦੇਖਦਿਆਂ ਆਪ ਜੀ ਦਾ ਨਾਮ ਤੇਗ ਬਹਾਦੁਰ ਰੱਖ ਦਿੱਤਾ ਸੀ । ਆਪ ਨੇ ਆਪਣੇ ਪਿਤਾ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸ਼ਗਿਰਦ ਬਣੇ ਅਤੇ ਬਾਅਦ ਵਿੱਚ ਆਪਣੇ ਪਿਤਾ ਜੀ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਸੰਨ 1664 ਈ ਵਿੱਚ ਨੌਵੇਂ ਗੁਰੂ ਦੇ ਤੌਰ 'ਤੇ ਜ਼ਿੰਮੇਵਾਰੀ ਸੰਭਾਲੀ।

ਆਪ ਜੀ ਦਾ ਸ਼ੁਰੂਆਤੀ ਜੀਵਨ ਅਧਿਆਤਮਿਕਤਾ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਭਰਪੂਰ ਸੀ। ਆਪ ਜੀ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਯਾਤਰਾ ਕੀਤੀ ਅਤੇ ਵੱਖ-ਵੱਖ ਸਮਾਜ ਉਸਾਰੂ ਕਾਰਜਾਂ ਵਿੱਚ ਸ਼ਾਮਿਲ ਹੋ ਕੇ ਸਿੱਖ ਧਰਮ ਦਾ ਸੁਨੇਹਾ ਫੈਲਾਇਆ।ਆਪ ਜੀ ਦੇ ਮੁਖਾਰਬਿੰਦ ਤੋਂ ਉਚਾਰਿਤ ਸ਼ਬਦ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਸ਼ੋਬਿਤ ਹਨ। ਆਪ ਜੀ ਨੇ ਆਪਣੀ ਬਾਣੀ ਰਾਹੀ ਸੇਵਾ, ਭਗਤੀ ਅਤੇ ਗਿਆਨ ਦੀ ਖੋਜ ਦੇ ਮਹੱਤਵ 'ਤੇ ਜ਼ੋਰ ਦਿੱਤਾ।

### ਧਾਰਮਿਕ ਆਜ਼ਾਦੀ ਲਈ ਖੜ੍ਹਾ ਹੋਣਾ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਵਿਰਾਸਤ ਖਾਸ ਕਰਕੇ ਧਾਰਮਿਕ ਦਬਾਅ ਦੇ ਖਿਲਾਫ ਹੌਸਲੇ ਨਾਲ ਖੜ੍ਹੇ ਹੋਣ ਨਾਲ ਦੁਨੀਆਂ ਭਰ ਵਿੱਚ ਵਿਲੱਖਣ ਹੈ। ਆਪ ਜੀ ਦੇ ਜੀਵਨ ਕਾਲ ਵਿੱਚ ਮੁਗਲ ਸਾਮਰਾਜ ਸ਼ਹਿਜਾਦਾ ਔਰੰਗਜ਼ੇਬ ਦੇ ਹੱਥਾਂ ਵਿੱਚ ਸੀ ਅਤੇ ਜੋ ਆਪਣੀ ਕੱਟੜ ਨੀਤੀਆਂ ਲਈ ਜਾਣਿਆ ਜਾਂਦਾ ਸੀ। ਔਰੰਗਜ਼ੇਬ ਗੈਰ-ਇਸਲਾਮੀ ਧਰਮਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਸੀ। ਭਗਤਾਂ ਅਤੇ ਹੋਰ ਧਰਮਿਕ ਅਲਪਸੰਖਿਅਕਾਂ ਦੇ ਜ਼ਬਰਦਸਤ ਧਰਮ ਪਰਿਵਰਤਨ ਕੀਤੇ ਜਾ ਰਹੇ ਸਨ, ਜਿਸ ਨਾਲ ਵਿਸ਼ਾਲ ਦੁੱਖ ਅਤੇ ਅਨਿਆਂ ਦਾ ਸਮਾਜ ਬਣਿਆ।

ਇਸ ਸੰਦਰਭ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਇੱਕ ਉਮੀਦ ਅਤੇ ਰੋਸ਼ਨੀ ਦਾ ਚਿੰਨ੍ਹ ਬਣ ਕੇ ਉਭਰੇ।



ਆਪ ਜੀ ਦਾ ਮੰਨਣਾ ਸੀ ਕਿ ਹਰ ਵਿਅਕਤੀ ਨੂੰ ਆਪਣੇ ਧਰਮ ਦੇ ਅਨੁਸਾਰ ਕਾਰਜ ਕਰਨ ਦਾ ਅਧਿਕਾਰ ਹੈ । ਜਦੋਂ ਕੁਝ ਕਸ਼ਮੀਰੀ ਪੰਡਿਤਾਂ ਆਪ ਜੀ ਕੋਲ ਮਦਦ ਲਈ ਆਏ ਤਾਂ ਆਪ ਜੀ ਨੇ ਪੰਡਿਤਾਂ ਦੇ ਸੰਗ ਖੜ੍ਹੇ ਹੋਣ ਦਾ ਫੈਸਲਾ ਕੀਤਾ। ਆਪ ਜੀ ਨੇ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇਣ ਦੀ ਪੇਸ਼ਕਸ਼ ਕੀਤੀ ਤਾਂ ਜੋ ਉਹ ਆਪਣੇ ਧਰਮ ਨੂੰ ਬਿਨਾ ਕਿਸੇ ਡਰ ਭੈਅ ਦੇ ਨਿਭਾਅ ਸਕਣ।

ਸੰਨ 1675 ਈ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਔਰੰਗਜ਼ੇਬ ਦੇ ਸਾਹਮਣੇ ਲਿਆਂਦਾ ਗਿਆ। ਬਹੁਤ ਸਾਰੇ ਦਬਾਅ ਦੇ ਬਾਵਜੂਦ ਆਪ ਜੀ ਨੇ ਇਸਲਾਮ ਵਿੱਚ ਪਰਿਵਰਤਨ ਕਰਨ ਤੋਂ ਇਨਕਾਰ ਕੀਤਾ। ਆਪ ਜੀ ਦਾ ਆਪਣੇ ਧਰਮ ਨੂੰ ਛੱਡਣ ਤੋਂ ਇਨਕਾਰ ਕਰਨਾ ਔਰਗਜ਼ੇਬ ਦੀ ਬਰਦਾਸ਼ਤ ਤੋਂ ਬਾਹਰ ਦੀ ਗੱਲ ਸੀ ਅਤੇ ਇਹ ਇਨਕਾਰ ਆਖਿਰਕਾਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਬਣਿਆ। ਆਪ ਜੀ ਦੀ ਸ਼ਹਾਦਤ ਨਾ ਸਿਰਫ ਇੱਕ ਵਿਅਕਤੀ ਖਿਲਾਫ ਹਿੰਸਾ ਦਾ ਕੱਦਮ ਸੀ,ਬਲਕਿ ਤਾਨਾਸ਼ਾਹੀ ਅਤੇ ਦਬਾਅ ਦੇ ਖਿਲਾਫ ਇੱਕ ਦਲੇਰਾਨਾ ਬਿਆਨ ਸੀ। ਇਸ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਹੱਕਾਂ ਲਈ ਸੰਸਾਰਕ ਸੰਘਰਸ਼ ਨੂੰ ਉਜਾਗਰ ਕੀਤਾ।

### ਵਿਰਾਸਤ ਅਤੇ ਸਿੱਖਿਆ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਅਤੇ ਭਾਰਤੀ ਸਮਾਜ 'ਤੇ ਡੂੰਘਾ ਪ੍ਰਭਾਵ ਪਾਇਆ। ਉਨ੍ਹਾਂ ਦੀ ਕੁਰਬਾਨੀ ਲੋਕਾਂ ਲਈ ਇੱਕ ਇਕੱਠਾ ਕਰਨ ਵਾਲਾ ਬਿੰਦੂ ਬਣ ਗਿਆ ਜੋ ਦਬਾਵ ਅਤੇ ਅਨਿਆਂ ਦੇ ਖਿਲਾਫ ਲੜ ਰਹੇ ਸਨ। ਆਪ ਜੀ ਨੂੰ "ਹਿੰਦ ਦੀ ਚਾਦਰ" ਦੇ ਤੌਰ 'ਤੇ ਜਾਣਿਆ ਜਾਂਦਾ ਹੈ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀਆਂ ਸਿੱਖਿਆਵਾਂ ਕੁਝ ਮੁੱਖ ਸਿਧਾਂਤਾਂ 'ਤੇ ਜ਼ੋਰ ਦਿੰਦੀਆਂ ਹਨ:

**ਵਿਸ਼ਵਾਸ ਅਤੇ ਭਗਤੀ:** ਆਪ ਜੀ ਸਿਖਾਇਆ ਕਿ ਸੱਚੀ ਆਤਮਿਕਤਾ ਦਾ ਮੂਲ ਪ੍ਰਭੂ 'ਤੇ ਅਡਿੱਠ ਵਿਸ਼ਵਾਸ ਅਤੇ ਮਨੁੱਖਤਾ ਪ੍ਰਤੀ ਨਿਸ਼ਕਾਮ ਭਗਤੀ ਵਿੱਚ ਹੈ।

**ਸਮਾਨਤਾ:** ਆਪ ਜੀ ਦੀ ਜਿੰਦਗੀ ਨੇ ਇਹ ਵਿਸ਼ਵਾਸ ਪ੍ਰਗਟ ਕੀਤਾ ਕਿ ਸਭ ਮਨੁੱਖ ਸਮਾਨ ਹਨ ਚਾਹੇ ਉਹ ਕਿਸੇ ਵੀ ਜਾਤੀ, ਸੰਪਰਦਾਇਕ ਜਾਂ ਧਰਮ ਨਾਲ ਸੰਬੰਧਿਤ ਹੋਣ।

**ਹੌਸਲਾ:** ਆਪ ਜੀ ਨੇ ਪ੍ਰਤਿਕੂਲਤਾ ਦੇ ਸਾਹਮਣੇ ਹੌਸਲੇ ਦੀ ਭਾਵਨਾ ਨੂੰ ਦਰਸਾਇਆ, ਹੋਰਨਾਂ ਨੂੰ ਅਨਿਆਂ ਦੇ ਖਿਲਾਫ ਖੜ੍ਹਾ ਹੋਣ ਲਈ ਪ੍ਰੇਰਿਤ ਕੀਤਾ।

**ਸੇਵਾ:** ਆਪ ਜੀ ਦੁਆਰਾ ਨਿਸ਼ਕਾਮ ਸੇਵਾ 'ਤੇ ਜ਼ੋਰ ਅਨੇਕਾਂ ਲੋਕਾਂ ਨੂੰ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਕਰਨ ਲਈ ਪ੍ਰੇਰਿਤ ਕਰਦਾ ਹੈ।

**ਗੁਰੂ ਸਾਹਿਬ ਦੀ ਬਾਣੀ:** ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰੂ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਦੇ 15 ਰਾਗਾਂ ਵਿੱਚ 59 ਸ਼ਬਦ ਅਤੇ 57 ਸਲੋਕ ਦਰਜ਼ ਹਨ । ਆਪ ਜੀ ਦੀ ਬਾਣੀ ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸੰਨ 1706 ਈ. ਵਿੱਚ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਇਆ।

ਰਾਗਾਂ ਅਨੁਸਾਰ ਗੁਰੂ ਤੇਗ਼ ਬਹਾਦਰ ਸਾਹਿਬ ਦੇ ਬਾਣੀ ਦਾ ਵੇਰਵਾ ਇਸ ਤਰ੍ਹਾਂ ਹੈ;

1. ਰਾਗੁ ਗਉੜੀ = 9 ਸ਼ਬਦ
2. ਰਾਗੁ ਆਸਾ = 1 ਸ਼ਬਦ
3. ਰਾਗੁ ਦੇਵਗੰਧਾਰੀ = 3 ਸ਼ਬਦ
4. ਰਾਗੁ ਬਿਹਾਗੜਾ = 1 ਸ਼ਬਦ
5. ਰਾਗੁ ਸੋਰਠਿ = 12 ਸ਼ਬਦ
6. ਰਾਗੁ ਧਨਾਸਰੀ = 4 ਸ਼ਬਦ
7. ਰਾਗੁ ਜੈਤਸਰੀ = 3 ਸ਼ਬਦ
8. ਰਾਗੁ ਟੋਡੀ = 1 ਸ਼ਬਦ
9. ਰਾਗੁ ਤਿਲੰਗ = 3 ਸ਼ਬਦ
10. ਰਾਗੁ ਬਿਲਾਵਲ = 3 ਸ਼ਬਦ
11. ਰਾਗੁ ਰਾਮਕਲੀ = 3 ਸ਼ਬਦ
12. ਰਾਗੁ ਮਾਰੂ = 3 ਸ਼ਬਦ
13. ਰਾਗੁ ਬਸੰਤੁ = 5 ਸ਼ਬਦ
14. ਰਾਗੁ ਸਾਰੰਗ = 4 ਸ਼ਬਦ
15. ਰਾਗੁ ਜੈਜਾਵੰਤੀ = 4 ਸ਼ਬਦ

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ ਪੰਨਾ ੧੪੨੭

ਗੁਰੂ ਤੇਗ ਬਹਾਦਰ ਜੀ ਦੀ ਜਿੰਦਗੀ ਅਤੇ ਸਿੱਖਿਆਵਾਂ ਸਿੱਖ ਧਰਮ ਅਤੇ ਸਮਾਜ ਉਪਰ ਡੂੰਘਾ ਅਸਰ ਪਾਉਂਦੀਆਂ ਹਨ। ਨਿਆਂ, ਸਮਾਨਤਾ ਅਤੇ ਧਰਮਿਕ ਆਜ਼ਾਦੀ ਲਈ ਆਪ ਜੀ ਦੀ ਕੁਰਬਾਨੀ ਸਮਾਜ ਲਈ ਇੱਕ ਮਾਰਗ ਦਰਸ਼ਕ ਹੈ ਜੋ ਅੱਜ ਵੀ ਅਸਹਿਣਸ਼ੀਲਤਾ ਅਤੇ ਵਿਭਾਜਨ ਨਾਲ ਜੂਝ ਰਿਹਾ ਹੈ। ਜਦੋਂ ਅਸੀਂ ਉਨ੍ਹਾਂ ਦੀ ਵਿਰਾਸਤ 'ਤੇ ਵਿਚਾਰ ਕਰਦੇ ਹਾਂ ਤਾਂ ਸਾਨੂੰ ਆਪਣੇ ਵਿਸ਼ਵਾਸਾਂ ਲਈ ਖੜ੍ਹਾ ਹੋਣ ਅਤੇ ਹੋਰਨਾਂ ਦੇ ਹੱਕਾਂ ਦੀ ਰੱਖਿਆ ਕਰਨ ਦੀ ਮਹੱਤਤਾ ਯਾਦ ਆਉਂਦੀ ਹੈ। ਇਕ ਐਸੀ ਦੁਨੀਆ ਵਿੱਚ ਜੋ ਅਕਸਰ ਧਰਮਿਕ ਫ਼ਰਕਾਂ ਦੁਆਰਾ ਵੰਡੀਆਂ ਜਾਂਦੀ ਹੈ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਸੁਨੇਹਾ ਬਹੁਤ ਮਹੱਤਵਪੂਰਨ ਹੈ—ਇੱਕ ਏਕਤਾ, ਦਇਆ ਅਤੇ ਸਾਰੇ ਧਰਮਾਂ ਦਾ ਆਦਰ ਕਰਨ ਵਾਲਾ ਸੁਨੇਹਾ ਹੈ।

ਭੁੱਲ ਚੁੱਕ ਲਈ ਖਿਮਾ ਯਾਚਕ
ਗੁਰੂ ਘਰ ਦਾ ਕੂਕਰ



**ਸੁਰਿੰਦਰਪਾਲ ਸਿੰਘ**
**ਸ੍ਰੀ ਅਮ੍ਰਿਤਸਰ ਸਾਹਿਬ।**

# ਬੜਾ ਡਰਾਉਂਦੀਆਂ ਨੇ ਖਬਰਾਂ!

ਅੱਜਕਲ੍ਹ ਮਨੁੱਖ ਨੂੰ ਆਧੁਨਿਕਤਾ ਦਾ ਰੰਗ ਚੜ੍ਹਿਆ ਹੋਇਆ ਹੈ। ਇਸੇ ਕਰਕੇ ਉਹ ਡਰਿਆ ਹੋਇਆ ਹੈ। ਉਸਦੇ ਡਰ ਦੇ ਕਾਰਨ ਇੱਕ ਨਹੀਂ ਅਨੇਕ ਦੁੱਖ, ਦਰਦ, ਝੋਰੇ ਤੇ ਮੋਰੇ ਹਨ। ਇਹ ਇਹਨਾਂ ਮੋਰਿਆ ਨੂੰ ਬੰਦ ਕਰਨ ਲਈ ਚੌਵੀ ਘੰਟੇ ਮਿਹਨਤ ਕਰਦਾ ਹੈ। ਉਹ ਇੱਕ ਮੋਰਾ ਬੰਦ ਕਰਦਾ ਹੈ ਤੇ ਦੂਜੇ ਪਾਸੇ ਕਈ ਹੋਰ ਮੋਰੇ ਤੇ ਮੋਰੀਆਂ ਨਿਕਲ ਆਉਂਦੀਆਂ ਹਨ। ਜਦੋਂ ਉਹ ਅਨਪੜ੍ਹ ਸੀ, ਉਦੋਂ ਬੜਾ ਸੁੱਖ ਦੀ ਨੀਂਦ ਸੌਂਦਾ ਸੀ। ਉਸ ਦਾ ਤੀਜਾ ਨੇਤਰ ਕੀ ਖੁੱਲ੍ਹਿਆ ਉਸਨੇ ਉਸਨੂੰ ਜਿਉਣਾ ਭੁਲਾ ਦਿੱਤਾ ਹੈ। ਹੁਣ ਉਹ ਹਰ ਵੇਲੇ ਡਰ ਡਰ ਕੇ ਉੱਠਦਾ ਹੈ। ਡਰ ਉਸਨੂੰ ਆਪਣੀ ਹੋਂਦ ਬਚਾਉਣ ਦਾ ਹੈ। ਕਿਉਂਕਿ ਉਸਦੇ ਆਲੇ ਦੁਆਲੇ ਗਿਰਝਾਂ ਤੇ ਬਾਜਾਂ ਦੀ ਡਾਰ ਘੁੰਮਦੀ ਫਿਰਦੀ ਹੈ। ਉਸਦਾ ਮਾਸ ਖਾਣ ਲਈ ਚੀਕ ਚਿਹਾੜਾ ਪਾਇਆ ਹੋਇਆ ਹੈ। ਜਦੋਂ ਦਾ ਇਹ ਟੀਵੀ ਆਇਆ ਹੈ, ਉਸਨੂੰ ਲੱਗਦਾ ਸੀ ਕਿ ਦੋ ਘੜੀਆਂ ਸਕੂਨ ਮਿਲਿਆ ਕਰੇਗਾ ਤੇ ਨਾਲੇ ਉਹ ਟੀਵੀ ਉੱਤੇ ਫਿਲਮ ਦੇਖਿਆ ਕਰੇਗਾ। ਉਸਦਾ ਇਹ ਭ੍ਰਮ ਵੀ ਛੇਤੀ ਕਫੂਰ ਵਾਂਗੂੰ ਉਡ ਗਿਆ। ਉਹ ਹੱਥ ਮਲ਼ਦਾ ਹੀ ਰਹਿ ਗਿਆ। ਉਹ ਹੱਥ ਉਦੋਂ ਮਲ਼ਦਾ ਸੀ, ਜਦੋਂ ਉਹ ਆਪਣੇ ਪੌਣੇ ਵਿੱਚੋਂ ਰੋਟੀ ਖਾਣ ਲਈ ਉੱਠਦਾ ਸੀ। ਉਦੋਂ ਉਹ ਹੱਥਾਂ ਨੂੰ ਮਗਰ ਫੇਰ ਕੇ ਸਾਫ਼ ਕਰਦਾ। ਰੋਟੀ ਖਾਂਦਾ ਤੇ ਫੇਰ ਆਪਣੀਆਂ ਮੋਰੀਆਂ ਬੰਦ ਕਰਨ ਲਈ ਕੰਮ ਕਰਦਾ। ਉਸ ਦੀ ਮਿਹਨਤ ਤੇ ਪਸੀਨੇ ਦਾ ਓਨਾ ਮੁੱਲ ਨਾ ਮਿਲ਼ਦਾ, ਜਿੰਨਾ ਉਹ ਆਪਣਾ ਖੂਨ ਪਸੀਨੇ ਨੂੰ ਡੋਲਦਾ ਸੀ। ਉਸਨੂੰ ਸਮਝ ਨਹੀਂ ਸੀ ਆਉਂਦੀ ਕਿ ਉਸਦੀ ਮੁੜ੍ਹਕੇ ਦੀ ਖੁਸ਼ਬੋਈ ਨੂੰ ਕੌਣ ਚੁਰਾ ਕੇ ਲੈ ਜਾਂਦਾ ਹੈ। ਉਹ ਹਰ ਸ਼ਾਮ ਸੋਚਦਾ ਕੋਈ ਨਹੀਂ ਕੱਲ੍ਹ ਨੂੰ ਕੋਈ ਜੁਗਾੜ ਕਰਦੇ ਹਾਂ। ਉਹ ਨਾ ਜੁਗਾੜੀ ਬਣਿਆ ਤੇ ਨਾ ਉਹਦੇ ਘਰ ਦੀਆਂ ਮੋਰੀਆਂ ਬੰਦ ਹੋਈਆਂ। ਆ ਜਦੋਂ ਦੀਆਂ ਜੰਗ ਲੱਗਣ ਦੀਆਂ ਖਬਰਾਂ ਆਉਣ ਲੱਗੀਆਂ ਹਨ। ਉਹਦਾ ਸਾਹ ਸੁੱਕਣ ਲੱਗਿਆ ਹੈ। ਉਹ ਘੜੀ ਮੁੜੀ ਪਾਣੀ ਪੀਂਦਾ ਹੈ ਪਰ ਉਸਦੇ ਬੁੱਲ ਸੁੱਕਦੇ ਜਾ ਰਹੇ ਹਨ। ਅਸਮਾਨ ਵਿੱਚ ਬੱਦਲ ਵੀ ਉਸਨੂੰ ਜਹਾਜ਼ ਲੱਗਦੇ ਹਨ। ਪਹਿਲਾਂ ਜਦੋਂ ਕਦੇ ਜਹਾਜ਼ ਲੰਘਦਾ ਸੀ ਤਾਂ ਉਹ ਖੁਸ਼ੀ ਨਾਲ ਝੂਮ ਉੱਠਦਾ ਸੀ। ਉਦੋਂ ਉਹ ਨਿਆਣਾ ਸੀ, ਉਸਨੂੰ ਇਹ ਜਹਾਜ਼ ਬੜੇ ਸੋਹਣੇ ਲੱਗਦੇ ਸਨ। ਸੜਕ ਕਿਨਾਰੇ ਬੈਠਾ ਉਹ ਫੌਜੀਆਂ ਦੀਆਂ ਲੰਘਦੀਆਂ ਗੱਡੀਆਂ ਨੂੰ ਤੱਕਦਾ ਤੇ ਉਹ ਫੌਜੀਆਂ ਨੂੰ ਸਲੂਟ ਮਾਰਦਾ ਖ਼ੁਸ਼ ਹੁੰਦਾ ਸੀ। ਉਸਨੂੰ ਫੌਜੀ ਚੰਗੇ ਲੱਗਦੇ ਸਨ। ਉਹ ਨਹੀਂ ਸੀ ਜਾਣਦਾ ਇਹ ਫੌਜੀ ਕੌਣ ਹਨ। ਪਰ ਜਦੋਂ ਉਹ ਜਵਾਨ ਹੋਇਆ ਤਾਂ ਉਹੀ ਫੌਜੀਆਂ ਨੇ ਉਹਦੇ ਰੱਬ ਦਾ ਘਰ ਢਾਹ ਦਿੱਤਾ। ਉਸਨੂੰ ਉਹੀ ਫੌਜੀ ਵਿਊ ਵਰਗੇ ਲੱਗਦੇ ਸਨ। ਉਸਨੇ ਜਦੋਂ ਡਾਕਟਰ ਹਰਿਭਜਨ ਦੀ ਕਵਿਤਾ ਫੌਜਾਂ ਕਿਸ ਦੇਸ਼ ਤੋਂ ਆਈਆਂ ਪੜ੍ਹੀ ਤਾਂ ਪਤਾ ਲੱਗਿਆ ਕਿ ਫੌਜਾਂ ਦਾ ਮਾਲਕ ਕੋਈ ਹੋਰ ਹੈ। ਉਹ ਤਾਂ ਕਠਪੁਤਲੀਆਂ ਵਾਂਗ ਵਿਚਰਦੇ ਹਨ। ਉਹਨਾਂ ਦੀਆਂ ਡੋਰਾਂ ਕਿਸੇ ਹੋਰ ਦੇ ਹੱਥ ਹਨ। ਉਸਨੂੰ ਉਹ ਹੱਥ ਨਜ਼ਰ ਨਹੀਂ ਆਉਂਦੇ। ਉਹ ਕਿਹੜੇ ਹੱਥ ਹਨ, ਜਿਹੜੇ ਉਸਦੇ ਮੁੜ੍ਹਕੇ ਦੀ ਮਹਿਕ ਖੋਹ ਕੇ ਲੈਣ ਜਾਂਦੇ ਹਨ। ਜਦੋਂ ਹੁਣ ਜੰਗ ਦੀਆਂ ਫੇਰ ਖਬਰਾਂ ਆਉਣ ਲੱਗੀਆਂ ਹਨ ਤਾਂ ਉਹ ਫੇਰ ਡਰਨ ਲੱਗਿਆ ਹੈ। ਟੀਵੀ ਚੈਨਲਾਂ ਉਤੇ ਕੇਵਲ ਖਬਰਾਂ ਹੀ ਨਹੀਂ ਆਉਂਦੀਆਂ। ਪਿੰਡਾਂ ਤੇ ਸ਼ਹਿਰਾਂ ਵਿੱਚ ਤਾਬੂਤ ਵੀ ਆਉਂਦੇ ਹਨ। ਜਿਹੜੇ ਉਸਦੇ ਕਾਲਜ਼ੇ ਵਿੱਚ ਛੇਕ ਪਾਉਂਦੇ ਹਨ। ਉਸ ਕੋਲੋਂ ਉਹ ਤਸਵੀਰਾਂ ਦੇਖੀਆਂ ਨਹੀਂ ਜਾਂਦੀਆਂ। ਉਹ ਆਪਣੇ ਆਪ ਨੂੰ ਸੰਭਾਲ ਕੇ ਰੱਖਣ ਦਾ ਯਤਨ ਕਰਦਾ ਹੈ। ਉਹ ਅੱਖਾਂ ਮੀਚ ਦਾ ਹੈ। ਕੋਈ ਹੋਰ ਉਸਦੇ ਦਿਮਾਗ ਵਿੱਚ ਵੜਦਾ ਹੈ ਤੇ ਉਸਨੂੰ ਪ੍ਰੇਸ਼ਾਨ ਕਰਨ ਲੱਗਦਾ ਹੈ। ਉਹ ਕੌਣ ਹੈ ਜੋਂ ਉਸਦੇ ਦਿਮਾਗ ਵਿੱਚ ਆਪ ਮੁਹਾਰੇ ਹੀ ਆ ਵੜਿਆ ਹੈ। ਉਸਨੂੰ ਖੇਤਾਂ ਵਿੱਚ ਨੱਚਦੇ ਮੋਰ ਨਹੀਂ ਸਗੋਂ ਪੁਲਿਸ ਨਾਲ ਭਿੜ ਰਹੇ ਉਹ ਕਿਰਤੀ ਕਿਸਾਨ ਨਜ਼ਰ ਆਉਂਦੇ ਹਨ। ਉਹ ਫੇਰ ਸਿਰ ਨੂੰ ਝਟਕਦਾ ਹੈ। ਅੱਖਾਂ ਮਲ਼ਦਾ ਹੈ। ਜਦੋਂ ਖੋਲ੍ਹ ਕੇ ਵੇਖਦਾ ਹੈ ਤਾਂ ਉਸ ਦੀਆਂ ਧੀਆਂ ਤੇ ਪੁਤਾਂ ਨੂੰ ਪੁਲਿਸ ਕੁੱਟ ਰਹੀ ਹੈ। ਉਹ ਰੁਜ਼ਗਾਰ ਮੰਗਦੇ ਹਨ, ਪੁਲਿਸ ਉਹਨਾਂ ਨੂੰ ਛੱਲੀਆਂ ਵਾਂਗੂੰ ਕੁੱਟਦੀ ਹੈ। ਉਹ ਦੇਖਦਾ ਹੈ ਪੁਲਿਸ ਵਾਲਾ ਤਾਂ ਉਹਦਾ ਕੋਈ ਰਿਸ਼ਤੇਦਾਰ ਹੈ। ਕੋਈ ਭਰਾ ਤੇ ਭਤੀਜਾ ਹੈ, ਉਹ ਕੌਣ ਤੀਜਾ ਹੈ, ਜਿਹੜਾ ਇਹਨਾਂ ਨੂੰ ਇਸ਼ਾਰਾ ਕਰਦਾ ਹੈ। ਹੁਣ ਵੀ ਤਾਂ ਇਸ਼ਾਰਾ ਹੀ ਹੋਇਆ ਹੈ। ਉਹ ਟੀਵੀ ਚੈਨਲਾਂ ਉਤੇ ਭਾਸ਼ਣ ਤੇ ਰਾਸ਼ਨ ਦੇਣ ਵਾਲ਼ਾ ਮੂਤ ਦੀ ਝੱਗ ਵਾਂਗੂੰ ਵਹਿ ਗਿਆ ਹੈ। ਉਹ ਜੰਗ ਦੇ ਨਾਮ ਉੱਤੇ ਸਿਆਸਤ ਕਰਦਾ ਹੈ। ਉਹ ਆਪਣੇ ਚਹੇਤਿਆਂ ਨੂੰ ਅੰਗੂਰੀਆਂ ਛਕਾਉਂਦਾ ਹੈ। ਇਸੇ ਕਰਕੇ ਉਹ ਜੰਗ ਜੰਗ ਕਰਦਾ ਹੈ। ਉਸਨੂੰ ਸੱਪ ਤੇ ਨਿਉਲੇ ਦੀ ਲੜਾਈ ਕਰਵਾ ਕੇ ਬਹੁਤ ਖੁਸ਼ੀ ਮਿਲਦੀ ਹੈ। ਉਹ ਬੜਾ ਮੱਕਾਰ ਤੇ ਮੀਸਣਾ ਹੈ। ਉਹ ਕਦੇ ਸਾਹਮਣੇ ਨਹੀਂ ਆਉਂਦਾ। ਨਾ ਹੀ ਕੋਈ ਸਵਾਲ ਜਵਾਬ ਕਰਦਾ ਹੈ। ਉਹ ਤਾਂ ਐਲਾਨ ਕਰਦਾ ਹੈ। ਉਸਨੇ ਸਾਡੇ ਅੰਦਰ ਡਰ ਦੀ ਫ਼ਸਲ ਬੀਜ ਦਿੱਤੀ ਹੈ। ਮੈਨੂੰ ਕਮਲਜੀਤ ਨੀਲੋਂ ਦਾ ਗਾਇਆ ਗੀਤ ਚੇਤੇ ਆਉਂਦਾ ਹੈ। ਜਿਹੜਾ ਇੱਕ ਬੱਚੇ ਦੇ ਮਨ ਵਿੱਚ ਮਾਊਂ ਦਾ ਡਰ ਪੈਦਾ ਕਰਕੇ ਉਸਨੂੰ ਸਵਾਉਣ ਦਾ ਯਤਨ ਕਰਦਾ ਹੈ।

ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਏ।

ਜਦੋਂ ਉਸ ਦਾ ਇਹ ਗੀਤ ਟੀਵੀ ਉਤੇ ਆਇਆ ਤਾਂ ਉਸ ਦਾ ਪਿਤਾ ਕੁਲਵੰਤ ਨੀਲੋਂ ਕਹਿੰਦਾ, ਤੂੰ ਠੀਕ ਕਿਹਾ ਪੁੱਤ ਅਜੇ ਲੋਕਾਂ ਨੂੰ ਸੌਂਣ ਦੀ ਲੋੜ ਹੈ। ਕਿਉਂਕਿ ਉਹ ਖ਼ੁਦ ਵੀ ਜਾਗਣ ਲਈ ਤਿਆਰ ਨਹੀਂ। ਇਹਨਾਂ ਨੂੰ ਸੁੱਤੇ ਪਏ ਰਹਿਣ ਦੇ।

ਉਹ ਹੈਰਾਨ ਰਹਿ ਗਿਆ ਹੈ ਕਿ ਅਨਪੜ੍ਹ ਲੋਕਾਂ ਨੂੰ ਇਹ ਪਤਾ ਲੱਗ ਗਿਆ ਹੈ ਕਿ ਗਿਰਝਾਂ ਆ ਰਹੀਆਂ ਹਨ ਪਰ ਪੜ੍ਹਿਆ ਲਿਖਿਆ ਵਰਗ ਕਿਉਂ ਨਹੀਂ ਜਾਗਦਾ? ਸਿਆਣੇ ਕਹਿੰਦੇ ਹਨ ਕਿ ਸੁੱਤੇ ਪਏ ਨੂੰ ਜਗਾਇਆ ਜਾ ਸਕਦਾ ਹੈ ਪਰ ਜਾਗਦਿਆਂ ਨੂੰ ਕੋਈ ਕਿਵੇਂ ਜਗਾਵੇ?

ਜੰਗ ਦੀਆਂ ਖਬਰਾਂ ਤੋਂ ਮੈਨੂੰ ਡਰ ਇਸ ਕਰਕੇ ਲੱਗਦਾ ਹੈ ਕਿ ਇਸ ਦੇ ਪਰਦੇ ਪਿੱਛੇ ਕੋਈ ਹੋਰ ਖੇਡ ਖੇਡੀ ਜਾ ਰਹੀ ਹੈ। ਜਿਵੇਂ ਸਮੁੰਦਰ ਵਿੱਚ ਪਨਡੁੱਬੀ ਨਹੀਂ ਦਿਖਦੀ। ਇਵੇਂ ਹੀ ਡੀਪ ਸਟੇਟ ਨਹੀਂ ਦਿਖਾਈ ਦੇਂਦੀ। ਸਾਨੂੰ ਦਿਖਾਇਆ ਕੁੱਝ ਹੋਰ ਜਾ ਰਿਹਾ ਹੈ ਤੇ ਹੋ ਕੁੱਝ ਹੋਰ ਰਿਹਾ ਹੈ। ਇਸੇ ਕਰਕੇ ਡਰ ਦਾ ਮਾਹੌਲ ਬਣਿਆ ਹੋਇਆ ਹੈ। ਖਾਂਦੇ ਪੀਂਦੇ ਘਰਾਂ ਨੇ ਆਪਣੇ ਘਰ ਸਮਾਨ ਨਾਲ ਭਰ ਲਏ ਹਨ। ਉਹਨਾਂ ਨੇ ਖਾਣ ਪੀਣ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਵਿਹਲੀਆਂ ਕਰਦਿਤੀਆਂ ਹਨ। ਉਹ ਨਹੀਂ ਜਾਣਦੇ ਜਿਹੜੇ ਨਿੱਤ ਖੂਹ ਪੁੱਟ ਕੇ ਪਾਣੀਂ ਪੀਂਦੇ ਹਨ, ਉਹਨਾਂ ਦਾ ਕੀ ਹਾਲ ਹੈ? ਹਾਲ ਤਾਂ ਹੁਣ ਭਾਈ ਮਾੜੇ ਹੀ ਲੱਗਦੇ ਹਨ। ਬੇਬੇ ਦੱਸਦੀ ਹੈ ਕਿ ਪੁੱਤ ਜਦੋਂ ਹੱਲੇ ਪਏ ਸਨ, ਉਦੋਂ ਵੀ ਐਵੇਂ ਡਰਾਇਆ ਜਾ ਰਿਹਾ ਸੀ। ਉਦੋਂ ਚਿੱਟੇ ਖੱਦਰ ਪਾਉਣ ਵਾਲੇ ਕਹਿੰਦੇ ਸੀ, ਆਜ਼ਾਦੀ ਆ ਰਹੀ ਹੈ। ਪੁੱਤ ਆਜ਼ਾਦੀ ਤਾਂ ਹੁਣ ਤੱਕ ਨਹੀਂ ਦੇਖੀ, ਆ ਚਿੱਟੀ ਚੁੰਨੀ ਜਰੂਰ ਰੋਜ਼ ਦੇਖਦੀ ਹਾਂ। ਮੈਨੂੰ ਡਰ ਲੱਗਦਾ ਹੈ ਕਿਤੇ ਮੇਰੀਆਂ ਧੀਆਂ ਵੀ ਇਹ ਚਿੱਟੀਆਂ ਚਾਦਰਾਂ ਨਾ ਲੈਣ। ਇਹ ਜੰਗ ਦੀਆਂ ਖ਼ਬਰਾਂ ਉਹਨਾਂ ਨੂੰ ਚੰਗੀਆਂ ਲੱਗਦੀਆਂ ਹਨ ਜਿਹੜੇ ਆਪਣੇ ਘਰਾਂ ਵਿੱਚ ਬੈਠ ਕੇ ਹੁਕਮ ਕਰਦੇ ਹਨ। ਪੁੱਤ ਮੇਰੇ ਕਾਲਜੇ ਲਾਟਾਂ ਬਲ ਦੀਆਂ ਹਨ। ਇਹ ਖ਼ਬਰਾਂ ਸੁਣ ਸੁਣ ਕੇ। ਬੰਦ ਕਰ ਇਸਨੂੰ ਕੀ ਬਕਵਾਸ ਕਰਨ ਲੱਗਿਆ ਹੋਇਆ ਹੈ। ਅਸੀਂ ਕਰਾਚੀ ਤੇ ਕਬਜ਼ਾ ਕਰ ਲਿਆ। ਤੇਰੀ ਮਾਂ ਉਤੇ ਕਬਜ਼ਾ ਕਰ ਲਿਆ ਹੈ, ਇਹ ਨੀਂ ਦੱਸਦਾ। ਕਿਵੇਂ ਗਲ਼ੀ ਵਿਚ ਲੜ ਰਹੀਆਂ ਬੁੜੀਆਂ ਵਾਂਗੂੰ ਆਪਣੇ ਪੋਤੜੇ ਫਰੋਲਣ ਲੱਗਿਆ ਹੋਇਆ ਹੈ। ਕੁੜੇ ਬਹੂ ਆ ਟੀਵੀ ਨੂੰ ਬੰਦ ਕਰ ਦੇ ਨਹੀਂ ਮੈਂ ਇੱਕ ਮਾਰ ਕੇ ਭੰਨ ਦੇਣਾ ਹੈ। ਬੇਬੇ ਤੂੰ ਕਿਸ ਕਿਸ ਦਾ ਸਿਰ ਭੰਨੇਗੀ, ਕੁੱਤੀਆਂ ਚੋਰਾਂ ਨਾਲ ਰਲ ਗਈਆਂ ਹਨ। ਉਹਨਾਂ ਨੇ ਪਤਾ ਨਹੀ ਕੀ ਕੀ ਲੁੱਟ ਮਾਰ ਕਰਨੀ ਹੈ। ਬੇਬੇ ਦੀਆਂ ਗੱਲਾਂ ਸੁਣ ਕੇ ਮੈਨੂੰ ਬਹੁਤ ਡਰ ਲੱਗਦਾ ਹੈ। ਇਹਨਾਂ ਖ਼ਬਰਾਂ ਤੋਂ ਮੈਨੂੰ ਡਰ ਲੱਗਦਾ ਹੈ। ਵੀਰੇ ਤੈਨੂੰ ਵੀ ਇਹਨਾਂ ਖ਼ਬਰਾਂ ਤੋਂ ਇੰਜ ਡਰ ਲੱਗਦਾ ਹੈ ਜਿਵੇਂ ਮੈਨੂੰ? ਹੁਣ ਤਾਂ ਪਤਾ ਨਹੀਂ ਲੱਗਦਾ ਕਦੋਂ ਪਟਾਕੇ ਚੱਲਣ ਲੱਗ ਜਾਣ। ਕਿਉਂਕਿ ਉਹ ਲੋਕਾਂ ਨੂੰ ਡਰਾਉਣ ਲਈ ਤੇ ਧਿਆਨ ਵਟਾਉਣ ਵਾਸਤੇ ਕੋਈ ਵੀ ਖੇਡ, ਖੇਡ ਸਕਦਾ ਹੈ। ਇਸ ਲਈ ਸਭ ਜਾਗਦੇ ਲੋਕਾਂ ਨੂੰ ਆਪਣੇ ਅਤੀਤ ਦਾ ਮੰਥਨ ਕਰਨ ਦੀ ਲੋੜ ਹੈ। ਪ੍ਰੰਤੂ ਜਿਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਇਹ ਭਵਿੱਖ ਲਈ ਚੁਣੌਤੀ ਬਣ ਕੇ ਟੱਕਰਣਗੀਆਂ। ਤੁਸੀਂ ਪਹਿਲਾਂ ਸੰਤਾਪ ਭੋਗਿਆ ਹੈ ਹੁਣ ਸੰਤਾਪ ਭੋਗਣਾ ਹੈ ? ਤਾਂ ਚਾਦਰ ਲੈ ਕੇ ਸੌਂ ਜਾਵੋ। ਉਂਝ ਤਾਂ ਤੁਸੀਂ ਪਹਿਲਾਂ ਵੀ ਸੁੱਤੇ ਪਏ ਹੋਏ ਓ!



**ਬੁੱਧ ਸਿੰਘ ਨੀਲੋਂ**
**946437082**

# ਬਿਨਾ ਫੀਸ ਵਾਲੇ ਡਾਕਟਰਾਂ ਦੀ ਸਲਾਹ!

ਯਾਰ, ਤੂੰ ਤਾਂ ਮੋਟਾ ਹੀ ਬਹੁਤ ਹੁੰਦਾ ਜਾ ਰਿਹਾ ਏਂ। ਮੇਰੀ ਮੰਨ, ਅੱਜ ਤੋਂ ਹੀ ਚਿੱਟੀਆਂ ਚੀਜ਼ਾਂ, ਜਿਵੇਂ ਲੂਣ ,ਖੰਡ, ਦੁੱਧ ਵਗੈਰਾ ਛੱਡ, ਦੇਸੀ ਘਿਓ ਨਹੀਂ ਖਾਣਾ, ਬਿਨਾ ਤੜਕੇ ਵਾਲੀ ਸਬਜ਼ੀ ਖਾਇਆ ਕਰ ਵਗੈਰਾ ਵਗੈਰਾ।

ਫਿਰ ਬੰਦਾ ਸੋਚਦਾ, ਵੀ ਯਾਰ ਬਸ ਇਹਨੇ ਮੈਨੂੰ ਇੱਕ ਖੁਰਲੀ ਤੇ ਨਹੀਂ ਬੰਨ੍ਹਿਆ, ਹੋਰ ਤਾਂ ਕੋਈ ਕਸਰ ਨਹੀਂ ਛੱਡੀ।

ਇਹਦੀਆਂ ਗੱਲਾਂ ਦਾ ਤਾਂ ਇਹੋ ਮਤਲਬ ਬਣਦਾ

ਦੂਸਰੇ ਪਾਸੇ ਜੇਕਰ ਬੰਦਾ ਪਤਲਾ ਹੋਵੇ ?

ਉਏ ਯਾਰ ਕੀ ਹੋ ਗਿਆ ਤੈਨੂੰ? ਜਮਾਂ ਹੀ ਬੀਤ ਗਿਆ। ਖੁਰਾਕ ਵਗੈਰਾ ਖਾਇਆ ਕਰ। ਸ਼ੂਗਰ ਚੈੱਕ ਕਰਵਾ ਯਾਰ, ਵੈਸੇ ਮੈਨੂੰ ਲਗਦਾ ਤੈਨੂੰ ਥਾਇਰਾਇਡ ਵੀ ਜਰੂਰ ਹੋਣਾ। ਯਾਰ, ਮੈਨੂੰ ਤਾਂ ਤੇਰਾ ਬਹੁਤ ਫ਼ਿਕਰ ਰਹਿੰਦਾ।

ਦੂਸਰੇ ਪਾਸੇ ਫੀਸ ਵਾਲੇ ਡਾਕਟਰਾਂ ਕੋਲ ਤਾਂ ਦੋ ਹੀ ਗੱਲਾਂ ਹੁੰਦੀਆਂ, ਉਹਨਾਂ ਪੈਸੇ ਵਾਲੇ ਨੂੰ ਅਣ ਚੋਪੜੀ ਰੋਟੀ ਬਿਨਾ ਤੜਕੇ ਵਾਲੀ ਦਾਲ ਨਾਲ ਤੇ ਗਰੀਬ ਨੂੰ ਅਨਾਰ ਦਾ ਜੂਸ ਲੈਣ ਦੀ ਸਲਾਹ ਦੇਣੀ ਹੀ ਹੁੰਦੀ ਹੈ।

ਸੋ ਭਾਈ ਦੁਨੀਆਂ ਕਿਸੇ ਪਾਸੇ ਵੀ ਮਾਣ ਨਹੀਂ। ਆਪਣੇ ਆਪ ਵਿੱਚ ਮਸਤ ਰਿਹਾ ਕਰੋ।



**ਵੈਦ ਬਲਵਿੰਦਰ ਸਿੰਘ ਢਿੱਲੋਂ**

# ਆਪਣਿਆਂ ਨਾਲ ਇੱਕ ਦਿਨ

"ਰਮੇਸ਼ ਅੱਜ ਘਰ ਹੀ ਹੋ। ਅੱਜ ਅਸੀਂ ਬਠਿੰਡਾ ਤੁਹਾਡੇ ਕੋਲ੍ਹ ਆਵਾਂਗੇ। ਭਾਪਾ ਜੀ ਵੀ ਨਾਲ ਆਉਣਗੇ।" ਅੱਜ ਸਵੇਰੇ ਮੇਰੇ ਕਜ਼ਨ ਰਾਜਕੁਮਾਰ ਸੇਠੀ ਦਾ ਫੋਨ ਆਇਆ। 'ਭਾਪਾਜੀ' ਤੋਂ ਮਤਲਬ ਮੇਰੇ ਬਿਆਸੀ ਸਾਲਾਂ ਚਾਚਾ ਸ਼੍ਰੀ ਮੰਗਲ ਚੰਦ ਤੋਂ ਸੀ। ਮੈਂ ਕਈ ਵਾਰੀ ਉਹਨਾਂ ਨੂੰ #114ਸ਼ੀਸ਼ਮਹਿਲ ਆਉਣ ਦਾ ਸੱਦਾ ਦਿੱਤਾ ਹੈ। ਉਹ ਆਉਣਾ ਵੀ ਚਾਹੁੰਦੇ ਸਨ ਪਰ ਸਬੱਬ ਹੀ ਨਹੀਂ ਸੀ ਬਣ ਰਿਹਾ। ਕਿਉਂਕਿ ਬਿਮਾਰੀ ਅਤੇ ਬੁਢਾਪੇ ਦੀ ਵਜ੍ਹਾ ਕਰਕੇ ਉਹ ਇਕੱਲੇ ਆ ਨਹੀਂ ਸਕਦੇ। ਕਹਿੰਦੇ ਜਦੋਂ ਦਿਲੀ ਇੱਛਾ ਹੋਵੇ ਰਸਤਾ ਆਪੇ ਖੁੱਲ੍ਹ ਜਾਂਦਾ ਹੈ। ਅੱਜ ਉਹਨਾਂ ਨੇ ਮੇਰੀ ਛੋਟੀ ਭਰਜਾਈ ਹਰਮੀਤ ਨੇ ਡਾਕਟਰ ਤੋਂ ਦਵਾਈ ਲੈਣ ਆਉਣਾ ਸੀ। ਉਹ ਚਾਚਾ ਜੀ ਨੂੰ ਸਵੇਰੇ ਹੀ ਸਾਡੇ ਕੱਲ੍ਹ ਛੱਡ ਗਏ। ਸਾਨੂੰ ਪਿੰਡ ਛੱਡੇ ਨੂੰ ਕੋਈ ਅੱਧੀ ਸਦੀ ਤੋਂ ਵੀ ਵੱਧ ਸਮਾਂ ਹੋ ਗਿਆ। ਪਿੰਡ ਦੇ ਆੜਤੀਆ ਹੋਣ ਕਰਕੇ ਚਾਚਾ ਜੀ ਦਾ ਪਿੰਡ ਦੇ ਲੋਕਾਂ ਨਾਲ ਲਗਾਤਾਰ ਵਾਹ ਪੈਂਦਾ ਰਹਿੰਦਾ ਹੈ। ਮੇਰੇ ਕੋਲੋਂ ਤਾਂ ਬੱਸ ਪੁਰਾਣੀਆਂ ਯਾਦਾਂ ਦੀ ਗੱਠੜੀ ਹੈ ਜੋ ਅਕਸਰ ਖੁੱਲ੍ਹਦੀ ਰਹਿੰਦੀ ਹੈ। ਕੋਈ ਨਾ ਕੋਈ ਯਾਦ ਪਿੰਡ ਨਾਲ ਮੇਰੀ ਤਾਰ ਜੋੜ ਦਿੰਦੀ ਹੈ ਉਮਰ ਦਰਾਜ ਹੋਣ ਕਰਕੇ ਚਾਚਾ ਜੀ ਨੂੰ ਕੁਝ ਉੱਚਾ ਸੁਣਦਾ ਹੈ ਤੇ ਆਵਾਜ਼ ਵੀ ਸਹੀ ਨਹੀਂ ਨਿਕਲਦੀ। ਫਿਰ ਵੀ ਚਾਚਾ ਜੀ ਨੇ ਮੈਨੂੰ ਪਿੰਡ ਦੇ ਪੁਰਾਣੇ ਬੰਦਿਆਂ ਦੇ ਗੁਜ਼ਰ ਜਾਣ ਦੀ ਲੰਮੀ ਚੋੜੀ ਰੀਪੋਰਟ ਦਿੱਤੀ। ਪਿੰਡ ਦੇ ਲੋਕਾਂ ਦੀ ਪਹਿਚਾਣ ਉਹਨਾਂ ਦੀ ਗੋਤ ਤੋਂ ਨਹੀਂ ਉਹਨਾਂ ਦੀ ਵਲਦੀਅਤ ਅਤੇ ਅੱਲ ਤੋਂ ਹੁੰਦੀ ਹੈ। ਇਸ ਤਰ੍ਹਾਂ ਚਾਚਾ ਜੀ ਨੇ ਮੈਨੂੰ ਪਿੰਡ ਦੀਆਂ ਲਗਭਗ ਸਾਰੀਆਂ ਗਲੀਆਂ ਦਾ ਚੱਕਰ ਲਗਵਾਇਆ। ਚਾਚਾ ਜੀ ਨੇ ਮੇਰੇ ਪਾਪਾ ਜੀ ਦੇ ਨਾਲ ਪੜ੍ਹੇ ਉਸਦੇ ਦੋਸਤਾਂ ਬਾਰੇ ਵੀ ਦੱਸਿਆ ਤੇ ਮੇਰੇ ਸਕੂਲ ਦੇ ਸਾਥੀਆਂ ਦਾ ਵੀ ਜ਼ਿਕਰ ਕੀਤਾ। ਤੁਰ ਗਏ ਮੇਰੇ ਦੋਸਤ ਦੀ ਦੁਖਦਾਈ ਖ਼ਬਰ ਵੀ ਸੁਣਾਈ। ਲਗਭਗ ਇੱਕ ਘੰਟੇ ਦੀ ਇਸ ਕਲਾਸ ਤੋਂ ਬਾਅਦ ਚਾਚਾ ਜੀ ਸੌਂ ਗਏ।

ਫਿਰ ਕੋਈ ਤਿੰਨ ਕੁ ਸਾਲ ਦੀ ਮੇਰੀ ਪੋਤੀ ਰੌਣਕ ਜੋ ਆਪਣੇ ਪੜਦਾਦਾ ਜੀ ਨੂੰ ਪਹਿਲੀ ਵਾਰੀ ਮਿਲੀ ਸੀ ਬੜੇ ਅਰਾਮ ਨਾਲ ਉਸਦੀ ਗੋਦੀ ਵਿੱਚ ਬੈਠ ਗਈ। ਖੋਰੇ ਉਹ ਆਪਣੇ ਖੂਨ ਦਾ ਲਗਾਵ ਸੀ ਜਾਂ ਅਪਣੱਤ ਦਾ ਦਾਇਰਾ। ਅੱਜ ਚਾਚਾ ਜੀ ਨੇ ਸ਼ਾਹੀ ਪਨੀਰ, ਰਾਇਤਾ, ਸੁੱਕੀ ਸਬਜ਼ੀ ਅਤੇ ਅਚਾਰੀ ਮਿਰਚ ਨਾ ਖਾਕੇ, ਸਿਰਫ ਦੋ ਖੁਸ਼ਕ ਫੁਲਕੇ ਬਿਨਾਂ ਤੜਕੀ ਹੋਈ ਕੱਦੂ ਦੀ ਸਬਜ਼ੀ ਨਾਲ ਹੀ ਖਾਧੇ। ਛੋਟੇ ਹੁੰਦੇ ਮੈਂ ਵੇਖਦਾ ਸੀ ਕਿ ਮੇਰੇ ਚਾਚਾ ਜੀ ਪਤੀਲੀ ਚ ਰਿਝਦੀ ਹੋਈ ਸਬਜ਼ੀ ਕੱਚੀ ਹੀ ਖਾ ਜਾਂਦੇ ਸਨ। ਆਚਾਰ, ਚੱਟਣੀ ਦੇ ਬੇਹੱਦ ਸ਼ੁਕੀਨ ਸਨ। ਬਹੁਤੇ ਵਾਰੀ ਗਰਮ ਗਰਮ ਸਬਜ਼ੀ ਵੀ ਅੰਦਰ ਲੰਘਾ ਜਾਂਦੇ ਸਨ। ਬਿਮਾਰੀ ਤੇ ਬੁਢਾਪਾ ਬੰਦੇ ਨੂੰ ਕਿੰਨਾ ਮਜਬੂਰ ਕਰ ਦਿੰਦਾ ਹੈ। ਸ਼ੂਗਰ ਦੀ ਬਿਮਾਰੀ ਤੋਂ ਬਚੇ ਹੋਣ ਕਰਕੇ ਚਾਚਾ ਜੀ ਲੋੜ ਅਨੁਸਾਰ ਮਿੱਠਾ ਵੀ ਖਾ ਲੈਂਦੇ ਹਨ। ਬਹੁਤੀ ਆਨਾਕਾਨੀ ਜਿਹੀ ਨਹੀਂ ਕਰਦੇ।

ਮੇਰੀ ਮਾਂ ਸਮਾਨ ਚਾਚੀ ਜੀ ਵੀ ਇਸੇ ਫਰਬਰੀ ਨੂੰ ਰੁਖਸਤ ਹੋਏ ਹਨ। ਚਾਚਾ ਜੀ ਉਸ ਦੀਆਂ ਗੱਲਾਂ ਵੀ ਕਰਦੇ ਰਹੇ। ਸਾਥ ਛੱਡ ਗਏ ਜੀਵਨ ਸਾਥੀ ਦੀ ਤਸਵੀਰ ਨੂੰ ਮੋਬਾਈਲ ਵਿੱਚ ਸੰਭਾਲਕੇ ਰੱਖਣਾ ਵੀ ਸਕੂਨ ਦਿੰਦਾ ਹੈ। ਦਿਲ ਚੋ ਤਾਂ ਕੋਈ ਕੱਢ ਨਹੀਂ ਸਕਦਾ। ਚਾਚਾ ਜੀ ਨੇ ਆਪਣੀ ਇਸ ਫੇਰੀ ਦੌਰਾਨ ਆਪਣੇ ਵੱਡੇ ਭਰਾ ਅਤੇ ਭਰਜਾਈ ਯਾਨੀ ਮੇਰੇ ਮੰਮੀ ਪਾਪਾ ਨੂੰ ਕਈ ਵਾਰ ਯਾਦ ਕੀਤਾ। ਅੰਮਾ ਜਾਏ ਭੈਣ ਭਰਾਵਾਂ ਨੂੰ ਭੁੱਲਣਾ ਕੋਈ ਸੁਖਾਲਾ ਨਹੀਂ ਹੁੰਦਾ। ਅੱਜਕਲ ਦੀ ਪਨੀਰੀ ਦਾ ਖੂਨ ਸਫੈਦ ਹੋਣ ਕਰਕੇ ਉਹ ਭੈਣ ਭਰਾਵਾਂ ਨੂੰ ਵੇਖ ਨਹੀਂ ਹੰਗਦੇ। ਸਾਡੇ ਵਡੇਰੇ ਸਾਡੇ ਨਾਲੋਂ ਕਿਤੇ ਚੰਗੇ ਸਨ ਜੋ ਕਈ ਕਈ ਪੀੜੀਆਂ ਦੇ ਰਿਸ਼ਤੇ ਪੂਰੀ ਸ਼ਿੱਦਤ ਨਾਲ ਨਿਭਾਉਂਦੇ ਸਨ।



**ਰਮੇਸ਼ ਸੇਠੀ ਬਾਦਲ**
**9876627233**

# ਕੁਝ ਪਰੇਸ਼ਾਨੀਆਂ ਅਜਿਹੀਆਂ ਵੀ ਹੁੰਦੀਆਂ ਨੇ !

ਕਿਸੇ ਜਗ੍ਹਾ ਇਕ ਬੰਦਾ ਉਪਰਲੀ ਮੰਜ਼ਿਲ ਵਾਲੇ ਫਲੈਟ ਵਿੱਚ ਰਹਿੰਦਾ ਸੀ। ਉਹ ਬੰਦਾ ਸਾਰਾ ਦਿਨ ਕੰਮ-ਧੰਦੇ ਦੇ ਸਿਲਸਿਲੇ ਵਿੱਚ ਬਾਹਰ ਰਹਿੰਦਾ । ਰਾਤ ਦਸ ਕੁ ਵਜੇ ਘਰ ਪਰਤਦਾ । ਆ ਕੇ ਇਕ-ਇਕ ਕਰਕੇ ਬੂਟ ਖੋਲ੍ਹਦਾ ਤੇ ਬੈਠਾ-ਬੈਠਾ ਥੋੜ੍ਹੀ ਦੂਰ ਪਰ੍ਹਾਂ ਵਗਾਹ ਮਾਰਦਾ। ਹੇਠਲੀ ਮੰਜ਼ਿਲ ਵਾਲੇ ਫਲੈਟ ਵਾਲਿਆਂ ਨੂੰ ਬੂਟਾਂ ਦੇ ਵਗਾਹ ਸੁੱਟਣ ਦੀ ਆਵਾਜ਼ ਸਾਫ ਸੁਣਾਈ ਦਿੰਦੀ । ਰੋਜ਼ ਉਹਨਾਂ ਨੂੰ ਪਤਾ ਲੱਗ ਜਾਣਾ ਕਿ ਬੰਦਾ ਘਰ ਆ ਗਿਆ ਹੈ, ਇਕ ਬੂਟ ਖੋਲ੍ਹ ਲਿਆ ਹੈ, ਦੂਜਾ ਬੂਟ ਖੋਲ੍ਹ ਲਿਆ ਹੈ । ਇਕ ਦਿਨ ਕੀ ਹੋਇਆ। ਉਹ ਬੰਦਾ ਘਰ ਆਇਆ, ਉਸਨੇ ਇਕ ਬੂਟ ਪਰ੍ਹਾਂ ਵਗਾਹ ਮਾਰਿਆ, ਪਰ ਦੂਜਾ ਹੌਲੀ ਜਿਹੀ ਟਿਕਾ ਦਿੱਤਾ। ਹੇਠਲੇ ਫਲੈਟ ਵਾਲੇ ਦੂਜੇ ਬੂਟ ਦੇ ਡਿੱਗਣ ਦੀ ਆਵਾਜ਼ ਉਡੀਕਦੇ ਰਹੇ। ਬੇਚੈਨੀ ਵਿੱਚ ਨੀਂਦ ਨਾ ਆਵੇ। ਆਖਰ ਪਤਨੀ ਦੇ ਮਜਬੂਰ ਕਰਨ 'ਤੇ ਹੇਠਲੇ ਫਲੈਟ ਵਾਲੇ ਬੰਦੇ ਨੇ ਰਾਤ ਬਾਰਾਂ ਵਜੇ ਉਪਰਲੇ ਫਲੈਟ ਦੀ ਜਾ ਬੈੱਲ ਵਜਾਈ । ਬੰਦਾ ਬਾਹਰ ਆਇਆ ਤੇ ਪੁੱਛਿਆ, "ਦੱਸੋ ਕੀ ਹੁਕਮ ਹੈ ?" ਹੇਠਲੇ ਫਲੈਟ ਵਾਲਾ ਬੋਲਿਆ, "ਹੁਕਮ ਨਹੀਂ, ਬੇਨਤੀ ਹੈ। ਸਾਰਾ ਪਰਿਵਾਰ ਪਰੇਸ਼ਾਨ ਹੈ। ਕਿਰਪਾ ਕਰਕੇ ਇਹ ਦੱਸ ਦਿਓ ਕਿ ਦੂਜੇ ਬੂਟ ਦਾ ਕੀ ਬਣਿਆ ?" ਇਹ ਕਹਾਣੀ ਸੁਣਨ ਵਿੱਚ ਤਾਂ ਬਹੁਤ ਸਧਾਰਨ ਲੱਗਦੀ ਹੈ, ਪਰ ਇਸ ਵਿੱਚ ਜ਼ਿੰਦਗੀ ਦਾ ਇਕ ਡੂੰਘਾ ਸੱਚ ਛੁਪਿਆ ਹੈ। ਅਸੀਂ ਅਕਸਰ ਆਪਣੀ ਜ਼ਿੰਦਗੀ ਵਿੱਚ ਅਜਿਹੀਆਂ ਹੀ "ਅਧੂਰੀਆਂ ਆਵਾਜ਼ਾਂ" ਨੂੰ ਉਡੀਕਦੇ ਰਹਿੰਦੇ ਹਾਂ। ਸਾਡੀ ਮਨ ਦੀ ਸ਼ਾਂਤੀ ਕਿਸੇ ਹੋਰ ਦੀ ਹਰਕਤ, ਬੋਲ, ਜਾਂ ਕਿਰਿਆ ਨਾਲ ਇਸ ਤਰ੍ਹਾਂ ਜੁੜ ਜਾਂਦੀ ਹੈ ਕਿ ਜਦ ਤੱਕ ਦੂਜਾ ਬੰਦਾ ਕੁਝ ਕਰਦਾ ਨਹੀਂ, ਸਾਨੂੰ ਆਰਾਮ ਨਹੀਂ ਆਉਂਦਾ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਹੋ ਜਿਹੀਆਂ ਗੱਲਾਂ ਕਰਕੇ ਵੀ ਪਰੇਸ਼ਾਨ ਰਹਿੰਦੇ ਹਨ ਕਿ ਸਾਨੂੰ ਦੂਜਿਆਂ ਦੀਆਂ ਨਿੱਜੀ ਜਾਂ ਪਰਿਵਾਰਕ ਗੱਲਾਂ ਦਾ ਪਤਾ ਕਿਉਂ ਨਹੀਂ ਲੱਗ ਰਿਹਾ। ਕਿਸੇ ਦਾ ਘਰ ਕਿਹੋ ਜਿਹਾ ਹੈ, ਕਿਸੇ ਦਾ ਰਿਸ਼ਤਾ ਕਿਵੇਂ ਚੱਲ ਰਿਹਾ ਹੈ, ਕਿਸੇ ਦੇ ਬੱਚੇ ਕਿੱਥੇ ਪੜ੍ਹ ਰਹੇ ਹਨ—ਇਹ ਸਾਰੀਆਂ ਗੱਲਾਂ ਸਾਨੂੰ ਉਹਨਾਂ ਨਾਲੋਂ ਵੀ ਵਧ ਪਰੇਸ਼ਾਨ ਕਰਦੀਆਂ ਹਨ, ਜਿਨ੍ਹਾਂ ਦੀਆਂ ਉਹ ਗੱਲਾਂ ਹੁੰਦੀਆਂ ਹਨ।

ਇਹ ਸਾਡੀ ਆਦਤ ਬਣ ਚੁੱਕੀ ਹੈ ਕਿ ਅਸੀਂ ਆਪਣੇ ਮਨ ਦੀ ਸ਼ਾਂਤੀ ਦੂਜਿਆਂ ਦੀ ਜ਼ਿੰਦਗੀ ਦੇ ਹਾਲਾਤਾਂ ਨਾਲ ਜੋੜ ਲੈਂਦੇ ਹਾਂ। ਜਿਵੇਂ ਹੇਠਲੇ ਫਲੈਟ ਵਾਲਾ ਦੂਜੇ ਬੂਟ ਦੀ ਆਵਾਜ਼ ਦੀ ਉਡੀਕ ਕਰਦਾ ਰਿਹਾ, ਓਸੇ ਤਰ੍ਹਾਂ ਅਸੀਂ ਵੀ ਕਿਸੇ ਦੂਜੇ ਦੀ ਜ਼ਿੰਦਗੀ ਵਿੱਚ ਅਧੂਰੇ ਜਵਾਬ ਲੱਭਣ ਦੀ ਉਡੀਕ ਕਰਦੇ ਰਹਿੰਦੇ ਹਾਂ।

ਇਹ ਪਰੇਸ਼ਾਨੀਆਂ ਹਕੀਕਤ ਵਿੱਚ ਸਾਡੇ ਮਨ ਦੀ ਕਮੀ ਤੋਂ ਪੈਦਾ ਹੁੰਦੀਆਂ ਹਨ। ਜਦੋਂ ਮਨ ਖਾਲੀ ਹੁੰਦਾ ਹੈ, ਜਦੋਂ ਅਸੀਂ ਆਪਣੇ ਆਪ ਨਾਲ ਜੁੜੇ ਨਹੀਂ ਰਹਿੰਦੇ, ਤਦੋਂ ਅਸੀਂ ਬਾਹਰ ਦੀ ਦੁਨੀਆਂ ਵਿੱਚ ਕੁਝ ਲੱਭਣ ਲੱਗ ਪੈਂਦੇ ਹਾਂ। ਉਹ ਖੋਜ ਕਦੇ ਕਿਸੇ ਦੀ ਗੱਲਾਂ ਵਿੱਚ ਹੁੰਦੀ ਹੈ, ਕਦੇ ਕਿਸੇ ਦੀ ਜ਼ਿੰਦਗੀ ਵਿੱਚ। ਪਰ ਇਹ ਖੋਜ ਕਦੇ ਪੂਰੀ ਨਹੀਂ ਹੁੰਦੀ।

ਅਸਲੀ ਸ਼ਾਂਤੀ ਤਦ ਆਉਂਦੀ ਹੈ ਜਦੋਂ ਅਸੀਂ ਆਪਣੀ ਜ਼ਿੰਦਗੀ ਦੇ "ਬੂਟਾਂ" ਨੂੰ ਆਪ ਟਿਕਾਉਣਾ ਸਿੱਖ ਲੈਂਦੇ ਹਾਂ। ਜਦੋਂ ਅਸੀਂ ਆਪਣੇ ਮਨ ਨੂੰ ਇਹ ਸਮਝਾ ਲੈਂਦੇ ਹਾਂ ਕਿ ਹਰ ਗੱਲ ਦਾ ਜਵਾਬ ਲੱਭਣਾ ਜ਼ਰੂਰੀ ਨਹੀਂ। ਕੁਝ ਗੱਲਾਂ ਅਧੂਰੀਆਂ ਰਹਿ ਜਾਣਾ ਵੀ ਸੁੰਦਰ ਹੁੰਦਾ ਹੈ। ਕਈ ਵਾਰ ਚੁੱਪੀ, ਕਈ ਵਾਰ ਬੇਖ਼ਬਰੀ ਵੀ ਇਕ ਸ਼ਾਂਤੀ ਦਾ ਰੂਪ ਹੁੰਦੀ ਹੈ।

ਸਮੱਸਿਆ ਇਹ ਨਹੀਂ ਕਿ ਲੋਕ ਸਾਨੂੰ ਕੁਝ ਨਹੀਂ ਦੱਸਦੇ, ਸਮੱਸਿਆ ਇਹ ਹੈ ਕਿ ਅਸੀਂ ਹਰ ਗੱਲ ਜਾਣਨੀ ਚਾਹੁੰਦੇ ਹਾਂ। ਸਾਨੂੰ ਲੱਗਦਾ ਹੈ ਕਿ ਜੇ ਅਸੀਂ ਸਭ ਕੁਝ ਜਾਣ ਲਵਾਂਗੇ, ਤਾਂ ਜ਼ਿੰਦਗੀ ਆਸਾਨ ਹੋ ਜਾਵੇਗੀ, ਪਰ ਹਕੀਕਤ ਇਸਦੇ ਉਲਟ ਹੈ—ਜਿੰਨੀ ਜ਼ਿਆਦਾ ਜਾਣਕਾਰੀ ਮਿਲਦੀ ਹੈ, ਓਨਾ ਜ਼ਿਆਦਾ ਮਨ ਭਟਕਦਾ ਹੈ।

ਅਸੀਂ ਆਪਣੀ ਊਰਜਾ ਦੂਜਿਆਂ ਦੀ ਜ਼ਿੰਦਗੀ ਦੇ "ਦੂਜੇ ਬੂਟ" ਦੀ ਉਡੀਕ ਵਿੱਚ ਖਰਚ ਕਰਦੇ ਹਾਂ। ਪਰ ਜੇਕਰ ਅਸੀਂ ਉਹੀ ਊਰਜਾ ਆਪਣੇ ਵਿਕਾਸ, ਆਪਣੇ ਸੁਖ, ਆਪਣੇ ਮਨ ਦੀ ਸ਼ਾਂਤੀ ਵਿੱਚ ਲਗਾ ਲਈਏ, ਤਾਂ ਜ਼ਿੰਦਗੀ ਕਿੰਨੀ ਆਸਾਨ ਹੋ ਜਾਵੇਗੀ।

ਮਨੁੱਖ ਦੀ ਸਭ ਤੋਂ ਵੱਡੀ ਬਿਮਾਰੀ ਹੈ "ਉਡੀਕ" — ਕੁਝ ਹੋਣ ਦੀ, ਕੁਝ ਮਿਲਣ ਦੀ, ਕੁਝ ਜਾਣਨ ਦੀ। ਜਦ ਤੱਕ ਅਸੀਂ ਇਸ ਉਡੀਕ ਵਿੱਚ ਰਹਿੰਦੇ ਹਾਂ, ਤਦ ਤੱਕ ਅਸੀਂ ਜੀਵਨ ਨੂੰ ਖੋ ਬੈਠਦੇ ਹਾਂ।

ਇਸ ਕਹਾਣੀ ਦਾ ਸਿੱਖਿਅਕ ਸਬਕ ਸਧਾਰਨ ਹੈ ਪਰ ਬਹੁਤ ਗਹਿਰਾ — ਕਈ ਵਾਰ "ਦੂਜੇ ਬੂਟ" ਦੀ ਆਵਾਜ਼ ਨਾ ਸੁਣੀ ਜਾਣਾ ਵੀ ਇੱਕ ਤੋਹਫ਼ਾ ਹੁੰਦਾ ਹੈ। ਉਹ ਸਾਨੂੰ ਸਿਖਾਉਂਦਾ ਹੈ ਕਿ ਹਰੇਕ ਗੱਲ ਦਾ ਅੰਤ ਜਾਣਨਾ ਜ਼ਰੂਰੀ ਨਹੀਂ। ਅਧੂਰੇ ਜਵਾਬ ਵੀ ਕਈ ਵਾਰ ਮਨ ਦੀ ਪੂਰਨਤਾ ਲਿਆਉਂਦੇ ਹਨ।

ਤਾਂ ਚਲੋ, ਅੱਜ ਤੋਂ ਅਸੀਂ ਆਪਣੀ ਜ਼ਿੰਦਗੀ ਵਿੱਚ ਉਹਨਾਂ ਬੇਕਾਰ ਪਰੇਸ਼ਾਨੀਆਂ ਨੂੰ ਛੱਡ ਦਈਏ ਜੋ ਸਿਰਫ਼ ਦੂਜਿਆਂ ਦੀਆਂ ਗੱਲਾਂ ਨਾਲ ਜੁੜੀਆਂ ਹਨ। ਅਸੀਂ ਆਪਣੀ ਧੁਨ ਸੁਣੀਏ, ਆਪਣਾ ਮਨ ਸਮਝੀਏ, ਅਤੇ ਉਹ ਬੂਟਾਂ ਦੀ ਆਵਾਜ਼ਾਂ ਨੂੰ ਚੁੱਪੀ ਵਿੱਚ ਰਲ ਜਾਣ ਦੇਈਏ।

ਜਦੋਂ ਅਸੀਂ ਇਹ ਸਿੱਖ ਲੈਂਦੇ ਹਾਂ ਕਿ "ਹਰ ਗੱਲ ਦਾ ਪਤਾ ਲੱਗਣਾ ਜ਼ਰੂਰੀ ਨਹੀਂ," ਓਦੋਂ ਸਾਡੀ ਜ਼ਿੰਦਗੀ ਵਿੱਚ ਇਕ ਨਵੀਂ ਸ਼ਾਂਤੀ, ਇਕ ਨਵਾਂ ਸੁਖ ਉਤਰਨ ਲੱਗਦਾ ਹੈ।

ਅਤੇ ਸ਼ਾਇਦ ਉਹੀ ਸਮਾਂ ਹੁੰਦਾ ਹੈ ਜਦੋਂ ਸਾਡੇ ਮਨ ਦੀ ਰਾਤ ਅਸਲੀ ਤੌਰ 'ਤੇ ਸਵੇਰ ਬਣਦੀ ਹੈ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਪਿੰਡ ਵੜਿੰਗ ਖੇੜਾ**
**ਤਹਿਸੀਲ ਮਲੋਟ**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ**
**79860-27454**

# ਹੈਂਗ ਜੱਜ ਜਸਟਿਸ ਚੂਹੜ ਸਿੰਘ ਸਿੱਧੂ ਸਿੰਘਾਪੁਰ

ਦੁਨੀਆਂ ਭਰ 'ਚ ਵਸਦੇ ਪੰਜਾਬੀਆਂ ਨੇ,ਜਿੱਥੇ ਵੀ ਉਹ ਵਸੇ, ਹਰ ਖੇਤਰ ' ਚ ਬੜੀਆਂ ਮੁੱਲਾਂ ਮਾਰੀਆਂ ਤੇ ਉੱਚੇ ਮੁਕਾਮ ਹਾਸਲ ਕੀਤੇ ਹਨ। ਸਾਂਝੇ ਪੰਜਾਬ ਦੇ ਰੋਹਤਕ ਤੋਂ ਉਠ ਕੇ, ਮਹਿੰਦਰ ਚੋਧਰੀ ਫ਼ਿਜ਼ੀ ਦਾ ਪ੍ਰਧਾਨ ਬਣਿਆ ਸੀ। ਅੱਜ ਕਈ ਦੇਸ਼ਾਂ ਦੀਆਂ ਸਰਕਾਰਾਂ ਵਿਚ ਪੰਜਾਬੀ ਲੋਕ ਮੰਤਰੀ ਅਤੇ ਕਈ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹਨ। ਸਿੰਘਾਪੁਰ 'ਚ ਰਹਿੰਦੇ ਹੋਏ, ਮੈ ਸਿੰਘਾਪੁਰ ਦੀਆਂ ਕਈ ਸਿੱਖ ਸਖਸ਼ੀਅਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਜਿਹਨਾਂ ਸਧਾਰਨ ਪਰਿਵਾਰ ਅਤੇ ਤੰਗੀਆਂ ਤੁਰਸ਼ੀਆਂ ਵਾਲੀ ਜ਼ਿੰਦਗੀ ਵਿੱਚੋਂ ਨਿਕਲ ਕੇ, ਸਿੰਘਾਪੁਰ ਦੇ ਇਤਿਹਾਸ ਵਿੱਚ ਅਮਿੱਟ ਛਾਪ ਛੱਡੀ ਸੀ।

ਹੈਂਗ ਜੱਜ ਜਸਟਿਸ ਚੂਹੜ ਸਿੰਘ ਸਿੱਧੂ ( ਫਾਂਸੀ ਦੀ ਸਜ਼ਾ ਸੁਣਾਉਣ ਵਾਲਾ ਜੱਜ ) ਦੇ ਨਾਮ ਨਾਲ ਮਸ਼ਹੂਰ ਹੋਏ ਸੁਪਰੀਮ ਕੋਰਟ ਦੇ ਜੱਜ ਜਸਟਿਸ ਚੂਹੜ ਸਿੰਘ ਨੇ, ਆਪਣੇ 20 ਸਾਲਾਂ ਦੇ ਕੈਰੀਅਰ ਵਿੱਚ ਅਠਾਈ 28 ਮੁਜਰਿਮਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ ਤਿੰਨ ਸਾਲ ਜ਼ਿਲ੍ਹਾ ਜੱਜ ਸਤਾਰਾਂ ਸਾਲ ਸੁਪਰੀਮ ਕੋਰਟ ਜੱਜ) ਉਸ ਸਮੇਂ ਮੁਜਰਿਮ ਅਰਦਾਸਾਂ ਕਰਿਆ ਕਰਦੇ ਸਨ ਕਿ ਉਨ੍ਹਾਂ ਦਾ ਮੁਕੱਦਮਾ ਜਸਟਿਸ ਚੂਹੜ ਸਿੰਘ ਦੀ ਅਦਾਲਤ ਵਿੱਚ ਨਾ ਜਾਵੇ। ਸਿੰਘਾਪੁਰ ਦੇ ਇਤਹਾਸ ਵਿੱਚ, ਪਹਿਲੀ ਵਾਰ ਇੱਕ ਔਰਤ ਮਿੱਮੀ ਵਾਂਗ ਨੂੰ, ਆਪਣੇ ਪ੍ਰੇਮੀ ਦੀ ਪਤਨੀ ਦੇ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਜਸਟਿਸ ਚੂਹੜ ਸਿੰਘ ਨੇ ਹੀ ਸੁਣਾਈ ਸੀ। ਇਸ ਕਤਲ ਕੇਸ ਵਿੱਚ ਮਕਤੂਲ ਦੀ ਲਾਸ਼ ਤੱਕ ਨਹੀਂ ਮਿਲੀ ਸੀ। ਸੰਨ 2003 ਵਿੱਚ ਆਪਣੇ 92 ਵੇ ਜਨਮ ਦਿਨ ਤੇ ਦਿੱਤੀ ਇੰਟਰਵਿਊ ਵਿੱਚ ਜਸਟਿਸ ਚੂਹੜ ਸਿੰਘ ਨੇ ਦੱਸਿਆ ਸੀ ਕਿ ਚਾਰ ਸਾਲ ਦੀ ਉਮਰ ਵਿੱਚ ਉਹ ਆਪਣੇ ਮਾਂ ਬਾਪ ਨਾਲ ਸਿੰਘਾਪੁਰ ਆਇਆ ਸੀ। ਉਸ ਦਾ ਬਾਪ ਸਕਿਉਰਿਟੀ ਗਾਰਡ (ਜਾਗਾ ) ਦੀ ਨੋਕਰੀ ਕਰਦਾ ਸੀ। ਤੇ ਉਹ ਸਟਰੀਟ ਲਾਈਟ ਦੀ ਰੋਸ਼ਨੀ ਚ ਪੜ ਕੇ ਇੱਥੇ ਤੱਕ ਪਹੁੰਚਿਆ ਹੈ। ਮਕਤੂਲ ਦੀ ਲਾਸ਼ ਵੀ ਨਾ ਮਿਲਣ ਦੇ ਹੁੰਦੇ ਹੋਏ, ਔਰਤ ਨੂੰ ਫਾਂਸੀ ਦੀ ਸਜ਼ਾ ਦੇਣ ਵਾਰੇ ਪੁੱਛੇ ਗਏ ਸਵਾਲ ਦਾ ਜੁਆਬ ਦਿੰਦਿਆਂ ਉਸ ਨੇ ਕਿਹਾ ਸੀ ਕਿ ਜੋ ਹਲਾਤ ਮੇਰੇ ਸਾਮ੍ਹਣੇ ਪੇਸ਼ ਕੀਤੇ ਗਏ ਸਨ, ਉਨ੍ਹਾਂ ਹਲਾਤਾਂ ਵਿੱਚ ਉਸ ਔਰਤ ਮਿੱਮੀ ਵਾਂਗ ਤੋਂ ਇਲਾਵਾ ਹੋਰ ਕੋਈ ਇਹ ਕਤਲ ਕਰ ਹੀ ਨਹੀਂ ਸਕਦਾ ਸੀ।ਇਸ ਘਟਨਾ ਤੇ ਅਧਾਰਿਤ ਸੰਨ 2010 ਵਿੱਚ ਮੈ ਕਤਲਗਾਹ ਨਾਵਲ ਲਿਖਿਆ ਸੀ।

ਮੁਜਰਿਮਾਂ ਦੇ ਦਿਲਾਂ ਵਿੱਚ, ਪੁਲਿਸ ਅਤੇ ਕਾਨੂੰਨ ਦਾ ਡਰ ਬਿਠਾਉਣ ਵਾਲੇ ਐਸ ਐਸ ਪੀ ਸਰਦਾਰ ਕਰਤਾਰ ਸਿੰਘ ਦਾ ਨਾਮ ਸੁਣਦੇ ਹੀ ਮੁਜਰਿਮਾਂ ਦੀਆਂ ਲੱਤਾਂ ਕੰਬਣ ਲੱਗ ਪੈਂਦੀਆਂ ਸਨ। ਚਾਈਨੀਜ਼ ਗੈਂਗਸਟਰਾਂ ਵਿੱਚ ਉਹ ਕਰਤਾ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਸੀ। 1960 ਦੇ ਦਹਾਕੇ ਚ ਇੱਕ ਮਸ਼ਹੂਰ ਚਾਈਨੀਜ਼ ਗੁੰਡੇ ਨੂੰ ਫੜਨ ਲਈ, ਕਰਤਾਰ ਸਿੰਘ ਫ਼ਿਲਮੀ ਸਟਾਇਲ ਚ, ਤਿੰਨ ਫੁੱਟੀ ਕਿਰਪਾਨ ਫੜੀ, ਗਟਰ ਦੇ ਰਸਤੇ ਇਕੱਲਾ ਹੀ ਉਸ ਗੁੰਡੇ ਦੇ ਟਿਕਾਣੇ 'ਤੇ ਜਾ ਪਹੁੰਚਿਆ ਸੀ, ਜਿੱਥੇ ਜਾਣ ਲਈ ਸਾਰੀ ਪੁਲਿਸ ਥਰ ਥਰ ਕੰਬਦੀ ਸੀ। ਅਤੇ ਉਹ ਕਾਲਰ ਤੋ ਫੜ ਉਸ ਗੁੰਡੇ ਨੂੰ ਬਾਹਰ ਖਿੱਚ ਲਿਆਇਆ ਸੀ।ਕਈ ਲੋਕਾਂ ਵਲੋਂ ਉਸ ਨੂੰ ਰਿਸ਼ਵਤ ਦੇ ਝੂਠੇ ਕੇਸਾਂ ਵਿਚ ਫਸਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਸਨ। ਪਰ ਇਹ ਇਮਾਨਦਾਰ ਪੁਲਿਸ ਅਫਸਰ ਕਰਤਾਰ ਸਿੰਘ ਸਰਕਾਰੀ ਸਨਮਾਨਾਂ ਨਾਲ ਸਨਮਾਨਿਤ ਹੋ ਕੇ ਰਿਟਾਇਰ ਹੋਇਆ ਸੀ।

ਸਿੰਘਾਪੁਰ ਵਿੱਚ ਕਈ ਸਾਲਾਂ ਤੱਕ ਬਿਜ਼ਨਿਸਮੈਨ ਆਫ ਦਾ ਈਅਰ ਚੁਣਿਆ ਜਾਣ ਵਾਲਾ ਕਾਰੋਬਾਰੀ ਕਰਤਾਰ ਸਿੰਘ ਦਾ ਕਈ ਦੇਸ਼ਾਂ ਵਿੱਚ ਕਾਰੋਬਾਰ ਫੈਲਿਆ ਹੋਇਆ ਹੈ। ਬੇਹੱਦ ਗਰੀਬੀ ਵਿੱਚੋਂ ਨਿਕਲ, ਇਲੈਕਟ੍ਰੋਨਿਕ ਦੀ ਛੋਟੀ ਜਹੀ ਦੁਕਾਨ ਤੋਂ ਕੰਮ ਸ਼ੁਰੂ ਕਰ ਕੇ ਇਹ ਤੀਸਰਾ ਕਰਤਾਰ ਸਿੰਘ ਇਸ ਮੁਕਾਮ 'ਤੇ ਪਹੁੰਚਿਆ ਹੈ।ਸਿੰਘਾਪੁਰ ਦੇ ਪੰਜਾਬੀ ਸਮਾਜ ਵਿੱਚ, ਉਸ ਦੇ ਚਾਰ ਪੁੱਤਰਾਂ ਦੇ ਇੱਕਠ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ, ਜੋ ਚਾਰ ਮੰਜ਼ਿਲ ਦੀ ਇੱਕ ਹੀ ਇਮਾਰਤ ਵਿੱਚ ਵਸਦੇ ਹਨ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

for more news visit:
www.samajweekly.com

# ਪੰਜਾਬ ਦੇ ਬੋਧੀ ਉਪਾਸਕ ਵੱਡੀ ਗਿਣਤੀ ‘ਚ ਦਿੱਲੀ ਵਿਖੇ ਪਹੁੰਚੇ

**ਜਲੰਧਰ (ਪਰਮਜੀਤ ਜੱਸਲ)–** ਪੰਜਾਬ ਦੇ ਬੋਧੀ ਉਪ-ਾਸਕ ਬੋਧ ਗਯਾ ਮੁਕਤੀ ਅੰਦੋਲਨ ਤਹਿਤ ਮਿਸ਼ਾਲ ਯਾਤਰਾ ਲਈ ਦੁਆਰਕਾ ਸੈਕਟਰ ਵਨ, ਦਸ਼ਰਥ ਮੈਟਰੋ ਸਟੇਸ਼ਨ ਦਿੱਲੀ ਦੇ ਗੌਤਮ ਬੁੱਧਾ ਪਾਰਕ, ‘ਚ ਸ੍ਰੀ ਚੰਚਲ ਬੌਧ ਅਤੇ ਸ੍ਰੀ ਮੁੰਨਾ ਲਾਲ ਬੌਧ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ। ਮਿਸ਼ਾਲ ਯਾਤਰਾ ਦਿੱਲੀ ‘ਚ ਰਣਜੀਤ ਬੌਧ, ਸੋਨੇ ਲਾਲ, ਲਵ ਗੌਤਮ, ਬਲਕੀਤ, ਬਿਪਨ ਬੌਧ, ਸੁਰਿੰਦਰ ਬੌਧ, ਬੱਲੂ ਬੌਧ, ਅਸ਼ੋਕ ਕੁਮਾਰ ਬੌਧ ਅਤੇ ਹੋਰ ਬਹੁਗਿਣਤੀ ‘ਚ ਉਪਾਸਕ ਸ਼ਾਮਿਲ ਹੋਏ। ਇਹਨਾਂ ਉਪਾਸਕਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਬੌਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੌਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਸੌਂਪਿਆ ਜਾਵੇ। ਇਸ ‘ਚ ਖਾਸ ਗੱਲ ਇਹ ਵੀ ਸੀ ਕਿ “ਦਸਤਖ਼ਤ ਮੁਹਿੰਮ” ‘ਚ ਪੰਜਾਬ ਦੇ ਬੋਧੀਆਂ ਨੇ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਹ ਲਿਸਟ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਜੀ ਨੂੰ ਸੌਂਪੀ ਹੈ।

ਸ੍ਰੀ ਆਕਾਸ਼ ਲਾਮਾ ਜੀ 5 ਲੱਖ ਤੋਂ ਵੱਧ ਦਸਤਖ਼ਤਾਂ ਵਾਲੀ ਲਿਸਟ ਜਲਦ ਹੀ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੂੰ ਦੇਣਗੇ ਤਾਂ ਜੋ ਬੌਧ ਗਯਾ ਮੰਦਰ ਐਕਟ 1949 ਰੱਦ ਕੀਤਾ ਜਾਵੇ। ਬੌਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਦਿੱਤਾ ਜਾਵੇ। ਸ੍ਰੀ ਆਕਾਸ਼ ਲਾਮਾ ਜੀ ਨੇ ਇਸ ਮੌਕੇ ‘ਤੇ ਕਿਹਾ ਕਿ ਬੌਧ ਗਯਾ ਮੁਕਤੀ ਅੰਦੋਲਨ ਮਸ਼ਾਲ ਯਾਤਰਾ ਸ਼ਾਂਤਮਈ ਢੰਗ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਬੋਧੀਆਂ ਦੀਆਂ ਉਪਰੋਤਕ ਦੋਨੇ ਮੰਗਾਂ ਸਰਕਾਰ ਵੱਲੋਂ ਨਹੀਂ ਮੰਨੀਆਂ ਜਾਂਦੀਆਂ। ਇਸ ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ 19 ਨਵੰਬਰ 2025 ਨੂੰ ਬੌਧ ਗਯਾ ਦੀ ਧਰਤੀ ‘ਤੇ “ਚੀਵਰਦਾਨ ਸਮਾਰੋਹ” ਕੀਤਾ ਜਾ ਰਿਹਾ ਹੈ।







# ਨਾਂਗੇਲੀ ਦੀ ਬੀਰ ਗਾਥਾ: ਪੇਸ਼ਵਾ ਰਾਜ ਦੀ ਕਰੂਰ ਵਿਵਸਥਾ ਵਿਰੁੱਧ ਇੱਕ ਅਮਰ ਸੰਘਰਸ਼

ਇੱਕ ਅਜਿਹੀ ਭੂਮੀ ਜਿੱਥੇ ਨੀਲੇ ਅਸਮਾਨ ਅਤੇ ਹਰੇ ਖੇਤਾਂ ਵਿਚਕਾਰ ਜ਼ਿੰਦਗੀ ਦੀ ਲੜਾਈ ਲੜੀ ਜਾਂਦੀ ਸੀ, ਉੱਥੇ ਇੱਕ ਔਰਤ ਨੇ ਆਪਣੇ ਸਰੀਰ ਨੂੰ ਹਥਿਆਰ ਬਣਾ ਕੇ ਅਨਿਆਂ ਦੇ ਵਿਸ਼ਾਲ ਪਹਾੜ ਨੂੰ ਚੁਣੌਤੀ ਦਿੱਤੀ। ਤਰਵਿੰਦਰਮ ਦੇ ਚੇਰਥਲਾ ਪਿੰਡ ਵਿੱਚ, ਜਿੱਥੇ ਨਾਂਗੇਲੀ ਵਰਗੀ ਇੱਕ ਸਾਧਾਰਨ ਐਝਾਵਾ ਔਰਤ ਨੇ ਆਪਣੀ ਜ਼ਿੰਦਗੀ ਦੀ ਬਲੀ ਚੜ੍ਹਾ ਕੇ ਨਾ ਸਿਰਫ਼ ਆਪਣੀ ਕੌਮ ਨੂੰ ਬਲ਼ ਦਿੱਤਾ, ਸਗੋਂ ਪੂਰੀ ਮਨੁੱਖਤਾ ਨੂੰ ਇੱਕ ਅਜਿਹਾ ਸੁਨੇਹਾ ਦਿੱਤਾ ਜੋ ਅੱਜ ਵੀ ਗੂੰਜਦਾ ਹੈ। ਉਹ ਕਹਾਣੀ ਹੈ ਨਾਂਗੇਲੀ ਦੀ – ਇੱਕ ਅਜਿਹੀ ਵੀਰਾਂਗਨਾ ਜਿਸ ਨੇ ਪੇਸ਼ਵਾ ਰਾਜ ਦੀ ਕੂਰ ਵਿਵਸਥਾ ਵਿਰੁੱਧ ਆਪਣੇ ਖ਼ੂਨ ਨਾਲ ਇੱਕ ਨਵੀਂ ਇਬਾਰਤ ਲਿਖੀ। ਇਹ ਕਹਾਣੀ ਨਾ ਸਿਰਫ਼ ਇੱਕ ਵਿਅਕਤੀਗਤ ਬਲੀਦਾਨ ਹੈ, ਸਗੋਂ ਇੱਕ ਅੰਤਰਾਤਮਾ ਦੀ ਚੀਕ ਹੈ ਜੋ ਅੱਜ ਵੀ ਜ਼ੁਲਮ ਤੇ ਅਨਿਆਂ ਵਿਰੁੱਧ ਲੜਨ ਵਾਲਿਆਂ ਨੂੰ ਪ੍ਰੇਰਿਤ ਕਰਦੀ ਹੈ।

19ਵੀਂ ਸਦੀ ਦੇ ਆਰੰਭ ਵਿੱਚ, ਜਦੋਂ ਤਰਵਿੰਦ੍ਰਮ ਰਾਜ ਵਿੱਚ ਰਾਜਸ਼ਾਹੀ ਦੀ ਚਮਕ-ਦਮਕ ਵਿੱਚ ਲੁਕੀ ਹੋਈ ਸੀ ਇੱਕ ਭਿਆਨਕ ਅਨਿਆਂ ਦੀ ਕਾਲੀ ਛਾਇਆ। ਉੱਚ ਜਾਤੀਆਂ ਦੀਆਂ ਔਰਤਾਂ ਨੂੰ ਆਪਣੇ ਸਰੀਰ ਨੂੰ ਢੱਕਣ ਦਾ ਅਧਿਕਾਰ ਸੀ, ਪਰ ਨੀਵੀਆਂ ਜਾਤੀਆਂ ਦੀਆਂ ਔਰਤਾਂ – ਐਝਾਵਾ, ਨਾਡਰ ਅਤੇ ਹੋਰ ਦਲਿਤ ਭਾਈਚਾਰਿਆਂ ਨੂੰ ਆਪਣੀਆਂ ਛਾਤੀਆਂ ਨੂੰ ਨੰਗਾ ਰੱਖਣਾ ਪੈਂਦਾ ਸੀ। ਇਹ ਕੋਈ ਸੁਭਾਵਿਕ ਰੀਤ ਨਹੀਂ ਸੀ, ਸਗੋਂ ਇੱਕ ਵਿਸ਼ਾਲ ਵਿਵਸਥਾ ਜੋ ਜਾਤ ਪਾਤ ਨੂੰ ਵਧਾਉਣ ਲਈ ਬਣਾਈ ਗਈ ਸੀ ਅਤੇ ਇਸ ਨੂੰ ਬਣਾਈ ਰੱਖਣ ਲਈ ਸੀ 'ਮੁਲੱਕਾਰਮ' – ਉਹ ਵਰ੍ਹਮੀ ਟੈਕਸ ਜਿਸ ਨੂੰ ਅੰਗਰੇਜ਼ੀ ਵਿੱਚ 'ਬ੍ਰੈਸਟ ਟੈਕਸ' ਕਿਹਾ ਜਾਂਦਾ ਹੈ। ਨੀਵੀਆਂ ਜਾਤੀਆਂ ਦੀਆਂ ਔਰਤਾਂ ਨੂੰ ਆਪਣੇ ਵਿਕਾਸ ਵਾਲੇ ਸਰੀਰ ਨੂੰ ਢੱਕਣ ਲਈ ਟੈਕਸ ਅਦਾ ਕਰਨਾ ਪੈਂਦਾ ਸੀ ਅਤੇ ਜੇ ਨਾ ਅਦਾ ਕੀਤਾ ਤਾਂ ਉਹਨਾਂ ਨੂੰ ਨੰਗਾ ਕਰਕੇ ਕੋੜੇ ਮਾਰ ਕੇ ਘੁੰਮਾਇਆ ਜਾਂਦਾ ਸੀ। ਇਹ ਸੀ ਉਹ ਕੂਰ ਵਿਵਸਥਾ ਜੋ ਨਾ ਸਿਰਫ਼ ਸਰੀਰ ਨੂੰ ਲੁੱਟਦੀ ਸੀ, ਸਗੋਂ ਆਤਮਾ ਨੂੰ ਵੀ ਤਬਾਹ ਕਰਦੀ ਸੀ। ਰਾਜ ਦੇ ਪੇਸ਼ਵਾ ਅਤੇ ਉੱਚ ਅਧਿਕਾਰੀ ਇਸ ਨੂੰ ਜਾਤੀਗਤ ਬਰਾਬਰੀ ਦੇ ਨਾਂ ਤਹਿਤ ਜਾਇਜ਼ ਠਹਿਰਾਉਂਦੇ ਸਨ, ਪਰ ਅਸਲ ਵਿੱਚ ਇਹ ਸੀ ਇੱਕ ਅਜਿਹਾ ਅੱਤਿਆਚਾਰ ਜਿਸ ਤਹਿਤ ਔਰਤਾਂ ਨਾਲ ਪਸ਼ੂਆਂ ਵਾਂਗ ਵਿਵਹਾਰ ਕੀਤਾ ਜਾਂਦਾ ਸੀ।

ਐਸੀ ਅਮਨਾਵੀ ਅਤੇ ਕਰੂਰ ਵਿਵਸਥਾ ਦੇ ਖਿਲਾਫ ਆਈ ਨਾਂਗੇਲੀ – ਇੱਕ ਅਜਿਹੀ ਔਰਤ ਜੋ ਨਾ ਸਿਰਫ਼ ਆਪਣੀ ਫ਼ਸਲਾਂ ਅਤੇ ਨਾਰੀਅਲ ਦੇ ਰਸ ਨਾਲ ਜੀਵਨ ਚਲਾਉਂਦੀ ਸੀ, ਸਗੋਂ ਆਪਣੇ ਅੰਦਰ ਇੱਕ ਅੱਗ ਸਮੋਈ ਰੱਖਦੀ ਸੀ ਜੋ ਅਨਿਆਂ ਸਹਿਣ ਨਹੀਂ ਕਰ ਸਕਦੀ ਸੀ। ਉਸ ਨੇ ਆਪਣੇ ਪਤੀ ਚੀਰੂਕਾਂਡਨ ਨਾਲ ਮਿਲ ਕੇ ਉਹ ਫ਼ੈਸਲਾ ਲਿਆ ਜੋ ਇਤਿਹਾਸ ਵਿੱਚ ਅਮਰ ਹੋ ਗਿਆ। ਉਸ ਨੇ ਵਿਵਸਥਾ ਦਾ ਵਿਰੋਧ ਕਰਦਿਆਂ ਆਪਣੀਆਂ ਛਾਤੀਆਂ ਢਕਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਪੇਸ਼ਵਾ ਅਧਿਕਾਰੀ ਆਏ ਟੈਕਸ ਵਸੂਲਣ ਲਈ ਅਤੇ ਉਸ ਨੂੰ ਆਪਣੇ ਸਰੀਰ ਨੂੰ ਖੋਲ੍ਹਣ ਦਾ ਹੁਕਮ ਦਿੱਤਾ, ਤਾਂ ਨਾਂਗੇਲੀ ਨੇ ਨਹੀਂ ਮੰਨਿਆ। ਉਹ ਨੇ ਆਪਣੇ ਹੱਥ ਵਿੱਚ ਦਾਤਰੀ ਲਈ ਅਤੇ ਆਪਣੀਆਂ ਛਾਤੀਆਂ ਨੂੰ ਖ਼ੁਦ ਹੀ ਉਤਾਰ ਲਿਆ – ਉਹਨਾਂ ਨੂੰ ਬੇਲ ਪੱਤੇ ਤੇ ਰੱਖ ਕੇ ਅਧਿਕਾਰੀਆਂ ਨੂੰ ਫੜਾ ਦਿੱਤਾ। ਉਹ ਖ਼ੂਨ ਜੋ ਵਹਿਣ ਲੱਗਾ, ਉਹ ਨਾ ਸਿਰਫ਼ ਉਸ ਦੇ ਸਰੀਰ ਤੋਂ ਵਹਿ ਰਿਹਾ ਸੀ, ਸਗੋਂ ਉਹ ਰਾਜ ਦੀ ਕੂਰਤਾ ਖਿਲਾਫ਼ ਇੱਕ ਨਦੀ ਬਣ ਰਿਹਾ ਸੀ। ਨਾਂਗੇਲੀ ਨੇ ਆਪਣੀ ਜਾਨ ਨਾਲ ਇਹ ਸੁਨੇਹਾ ਦਿੱਤਾ ਕਿ ਮੇਰੇ ਸਰੀਰ ਤੇ ਮੇਰਾ ਅਧਿਕਾ ਹੈ, ਤੁਹਾਡੀ ਇੱਛਾ ਨਹੀਂ। ਉਸ ਦੇ ਪਤੀ ਨੇ ਵੀ ਆਪਣੀ ਜਾਨ ਦਾ ਬਲੀਦਾਨ ਦਿੱਤਾ, ਅਤੇ ਉਹ ਖੇਤ ਜਿੱਥੇ ਉਹ ਵੱਸਦੇ ਸਨ, ਉਹ 'ਮੁਲੱਚੀ ਪਰੰਬੂ' – ਉਹ ਧਰਤੀ ਜੋ ਅੱਜ ਵੀ 'ਸਤਨਾਂ (ਛਾਤੀਆਂ) ਵਾਲੀ ਔਰਤ ਦੀ ਧਰਤੀ' ਵਜੋਂ ਜਾਣੀ ਜਾਂਦੀ ਹੈ। ਇਹ ਬਲੀਦਾਨ ਨਾ ਸਿਰਫ਼ ਵਿਅਕਤੀਗਤ ਵਿਰੋਧ ਸੀ, ਸਗੋਂ ਇੱਕ ਅੰਦੋਲਨ ਦਾ ਬੀਜ ਸੀ ਜਿਸ ਨੇ ਪੂਰੇ ਰਾਜ ਨੂੰ ਹਿਲਾ ਕੇ ਰੱਖ ਦਿੱਤਾ।



ਨਾਂਗੇਲੀ ਦੇ ਖ਼ੂਨ ਨੇ ਜੋ ਅੱਗ ਲਾਈ, ਉਹ ਫੈਲ ਗਈ ਅਤੇ ਬਣ ਗਿਆ 'ਚੰਨਰ ਲਾਹਲਾ' ਜਾਂ 'ਮਾਰੂ ਮਰੱਕਲ ਸਮਾਰਮ' – ਉਹ ਮਹਾਨ ਅੰਦੋਲਨ ਜੋ 1813 ਤੋਂ 1859 ਤੱਕ ਚੱਲਿਆ। ਨਾਡਰ ਅਤੇ ਐਝਾਵਾ ਔਰਤਾਂ ਨੇ ਆਪਣੇ ਉੱਪਰ ਵਾਲੇ ਕੱਪੜੇ ਓੜ੍ਹਣ ਦਾ ਅਧਿਕਾਰ ਮੰਗਿਆ, ਅਤੇ ਉੱਚ ਜਾਤੀਆਂ ਨੇ ਵਿਰੋਧ ਵਿੱਚ ਹਿੰਸਾ ਕੀਤੀ। ਘਰ ਤਬਾਹ ਕੀਤੇ ਗਏ, ਔਰਤਾਂ ਦੇ ਉੱਪਰਲੇ ਕੱਪੜੇ ਉਤਾਰ ਦਿੱਤੇ ਗਏ ਅਤੇ ਖ਼ੂਨ ਖਰਾਬਾ ਹੋਇਆ। ਪਰ ਔਰਤਾਂ ਨੇ ਹਾਰ ਨਾ ਮੰਨੀ। ਬ੍ਰਿਟਿਸ਼ ਮਿਸ਼ਨਰੀਆਂ ਨੇ ਵੀ ਸਹਾਇਤਾ ਕੀਤੀ ਅਤੇ ਅੰਤ ਵਿੱਚ ਰਾਜੇ ਉਥਰਮ ਥਿਰੂਨਲ ਨੇ 1859 ਵਿੱਚ ਇੱਕ ਫ਼ੈਸਲਾ ਸੁਣਾਇਆ ਜਿਸ ਨਾਲ ਨੀਵੀਆਂ ਜਾਤੀਆਂ ਦੀਆਂ ਔਰਤਾਂ ਨੂੰ ਆਪਣੇ ਸਰੀਰ ਨੂੰ ਢੱਕਣ ਦਾ ਅਧਿਕਾਰ ਮਿਲ ਗਿਆ। ਇਹ ਸੀ ਉਹ ਵੱਡੀ ਜਿੱਤ ਜੋ ਨਾਂਗੇਲੀ ਦੇ ਬਲੀਦਾਨ ਨਾਲ ਸੰਭਵ ਹੋਈ। ਉਹ ਨਾ ਸਿਰਫ਼ ਇੱਕ ਔਰਤ ਦੀ ਕਹਾਣੀ ਹੈ, ਸਗੋਂ ਇੱਕ ਸਮੁੱਚੀ ਕੌਮ ਦੇ ਸੰਘਰਸ਼ ਦਾ ਪ੍ਰਤੀਕ ਹੈ – ਜਿੱਥੇ ਔਰਤਾਂ ਨੇ ਆਪਣੇ ਸੰਘਰਸ਼ ਨਾਲ ਅਨਿਆਂ ਨੂੰ ਚੁਣੌਤੀ ਦਿੱਤੀ।

ਵੀਰਾਂਗਣਾਂ ਨਾਂਗੇਲੀ ਦੀ ਬੀਰ ਗਾਥਾ ਹੀਰੇ ਵਾਂਗ ਚਮਕਦੀ ਹੈ । ਉਹ ਸਾਨੂੰ ਸਿਖਾਉਂਦੀ ਹੈ ਕਿ ਅਨਿਆਂ ਦੇ ਵਿਰੁੱਧ ਲੜਨਾ ਕੋਈ ਛੋਟੀ ਲੜਾਈ ਨਹੀਂ, ਸਗੋਂ ਇੱਕ ਅੰਤਰਾਤਮਾ ਦਾ ਵਿਦਰੋਹ ਹੈ ਜੋ ਨਾ ਡਰਦਾ ਹੈ ਅਤੇ ਨਾ ਹਾਰਦਾ ਹੈ। ਪੇਸ਼ਵਾ ਰਾਜ ਵਰਗੀ ਵਿਵਸਥਾ ਅੱਜ ਵੀ ਵੱਖਰੇ ਰੂਪ ਵਿੱਚ ਮੌਜੂਦ ਹੈ – ਜਾਤ ਪਾਤ, ਲਿੰਗ ਭੇਦਭਾਵ ਅਤੇ ਸਮਾਜਿਕ ਅੱਤਿਆਚਾਰ ਦੇ ਰੂਪ ਵਿੱਚ। ਪਰ ਨਾਂਗੇਲੀ ਵਾਂਗ ਹੀ ਅੱਜ ਦੀਆਂ ਔਰਤਾਂ ਵੀ ਅਨਿਆਂ ਵਿਰੁੱਧ ਲੜ ਰਹੀਆਂ ਹਨ ਅਤੇ ਉਸ ਦੀ ਗਾਥਾ ਇੱਕ ਬਲ਼ ਦਿੰਦੀ ਹੈ। ਉਸਨੂੰ ਭੁੱਲਣਾ ਨਹੀਂ ਚਾਹੀਦਾ – ਕਿਉਂਕਿ ਅਜਿਹੇ ਬਲੀਦਾਨ ਹੀ ਨਵੀਆਂ ਕਹਾਣੀਆਂ ਰਚਦੇ ਹਨ। ਜੋ ਅੱਜ ਵੀ ਅੰਦਰੋਂ ਅਨਿਆਂ ਵਿਰੁੱਧ ਲੜਨ ਦੀ ਅੱਗ ਜਗਾਉਂਦੀਆਂ ਹਨ।

**ਲਾਲ ਸਿੰਘ ਸੁਲਹਾਣੀ**

**9872155120**

# ਅੰਬੇਡਕਰ ਭਵਨ ਜਲੰਧਰ ਵਿਖੇ ਲੱਗਾ ਮੁਫਤ ਅੱਖਾਂ ਦਾ ਚੈੱਕਅਪ ਅਤੇ ਸਕਰੀਨਿੰਗ ਕੈਂਪ



**ਬੀਬੀ ਮਹਿੰਦਰ ਰੱਤੂ ਅਤੇ ਮੈਡੀਕਲ ਸਟਾਫ ਨੂੰ ਸਨਮਾਨ ਕਰਦੇ ਹੋਏ ਟਰਸਟ ਦੇ ਅਹੁਦੇਦਾਰ।**











**ਮੈਡੀਕਲ ਕੈਂਪ ਦੀਆਂ ਕੁਝ ਝਲਕੀਆਂ।**



**ਜਲੰਧਰ :** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਨੋਟ ਜਾਰੀ ਕਰਕੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ 27 ਅਕਤੂਬਰ, 1951 ਨੂੰ ਜਲੰਧਰ ਵਿਖੇ ਪਧਾਰੇ ਸਨ ਅਤੇ ਉਨ੍ਹਾਂ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਉੱਥੇ ਅੰਬੇਡਕਰਵਾਦੀ ਅਤੇ ਭੀਮ ਪਤ੍ਰਿਕਾ ਦੇ ਮੁੱਖ ਸੰਪਾਦਕ ਮਰਹੂਮ ਸ਼੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਸੇਠ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇੱਕ-ਇੱਕ ਰੁਪਇਆ ਇਕੱਠਾ ਕਰਕੇ ਤਕਰੀਬਨ ਸਾਢੇ ਛੇ ਕਨਾਲ ਬਾਬਾ ਸਾਹਿਬ ਦੀ ਚਰਨ ਛੋਹ-ਪ੍ਰਾਪਤ ਭੂਮੀ 1963 ਵਿੱਚ ਖਰੀਦ ਕੇ 'ਅੰਬੇਡਕਰ ਭਵਨ ਟਰੱਸਟ' ਦੇ ਨਾਮ 'ਤੇ ਉਸ ਦਾ ਟਰੱਸਟ ਸਥਾਪਿਤ ਕਰ ਦਿੱਤਾ ਅਤੇ ਫਿਰ ਉਸ ਇਤਿਹ-ਾਸਿਕ ਸਥਾਨ ਤੇ ਇੱਕ ਆਲੀਸ਼ਾਨ ਅੰਬੇਡਕਰ ਭਵਨ ਉਸਾਰ ਕੇ ਬਾਬਾ ਸਾਹਿਬ ਦੀ ਵਿਰਾਸਤ ਸਥਾਪਤ ਕਰ ਦਿੱਤੀ। ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ (ਰਜਿ.) ਵੱਲੋਂ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ '27 ਅਕਤੂਬਰ, 1951- ਬਾਬਾ ਸਾਹਿਬ ਦੇ ਆਗਮਨ ਦਿਵਸ' ਨੂੰ ਸਮਰਪਿਤ ਨੈਸ਼ਨਲ ਆਈ ਕੇਅਰ ਹਸਪਤਾਲ ਜਲੰਧਰ ਦੁਆਰਾ ਅੱਜ 26 ਅਕਤੂਬਰ ਨੂੰ ਅੱਖਾਂ ਦਾ ਮੁਫਤ ਚੈੱਕਅਪ ਅਤੇ ਸਕਰੀਨਿੰਗ ਕੈਂਪ ਲਗਾਇਆ ਗਿਆ। ਭਾਰਦਵਾਜ ਨੇ ਅੱਗੇ ਕਿਹਾ ਕਿ ਡਾ. ਪੀਯੂਸ਼ ਸੂਦ ਦੀ ਅਗਵਾਈ ਵਿੱਚ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ 185 ਵਿਅਕਤੀਆਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਅਤੇ 48 ਵਿਅਕਤੀਆਂ ਦੀਆਂ ਅੱਖਾਂ ਵਿੱਚ ਲੇਂਜ਼ ਪੌਣੇ ਤੈਅ ਕੀਤੇ ਗਏ। ਨੈਸ਼ਨਲ ਆਈ ਕੇਅਰ ਹਸਪਤਾਲ, ਕਪੂਰਥਲਾ ਰੋਡ ਜਲੰਧਰ ਵਿਖੇ ਆਪਰੇਸ਼ਨ ਕੀਤੇ ਜਾਣਗੇ, ਅੱਖਾਂ ਦੇ ਲੈਂਜ਼ ਆਧੁਨਿਕ ਤਕਨੀਕ ਨਾਲ ਪਾਏ ਜਾਣਗੇ ਅਤੇ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਬੀਬੀ ਮਹਿੰਦੋ ਰੱਤੂ ਸੁਪਤਨੀ ਮਰਹੂਮ ਰਾਮ ਪ੍ਰਕਾਸ਼ ਰੱਤੂ ਨੇ ਆਪਣੇ ਰੱਤੂ ਪਰਿਵਾਰ ਵੱਲੋਂ ਅੱਖਾਂ ਦਾ ਕੈਂਪ ਲਗਾਉਣ ਲਈ ਭਰਪੂਰ ਸਹਿਯੋਗ ਦਿੱਤਾ। ਅੰਬੇਡਕਰ ਭਵਨ ਟਰੱਸਟ ਵੱਲੋਂ ਬੀਬੀ ਮਹਿੰਦੋ ਰੱਤੂ, ਡਾ. ਅਮਨਪ੍ਰੀਤ ਸਿੰਘ, ਵਰਿੰਦਰ ਜੀ ਅਤੇ ਮੈਡਮ ਪ੍ਰੀਤੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਚੇਅਰਮੈਨ ਸੋਹਨ ਲਾਲ ਜੀ, ਜਨਰਲ ਸਕੱਤਰ ਡਾ. ਜੀ. ਸੀ. ਕੌਲ, ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ, ਟਰੱਸਟੀ ਹਰਮੇਸ਼ ਜੱਸਲ, ਚਰਨ ਦਾਸ ਸੰਧੂ, ਡਾ. ਮਹਿੰਦਰ ਸੰਧੂ, ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਦੇ ਮੀਤ ਪ੍ਰਧਾਨ ਪ੍ਰੋਫੈਸਰ ਬਲਬੀਰ, ਸਾਬਕਾ ਰਾਜਦੂਤ ਰਮੇਸ਼ ਚੰਦਰ, ਹਰੀ ਸਿੰਘ ਥਿੰਦ, ਪ੍ਰੋਫੈਸਰ ਅਰਿੰਦਰ ਸਿੰਘ, ਡਾ. ਸਤ ਪਾਲ, ਤਿਲਕ ਰਾਜ, ਨਿਰਮਲ ਬਿਨਜੀ, ਐਡਵੋਕੇਟ ਕੁਲਦੀਪ ਭੱਟੀ, ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ**
**ਅੰਬੇਡਕਰ ਭਵਨ ਟਰੱਸਟ**
**(ਰਜਿ.)**

# ਅਸੋਕਾ ਬੁੱਧ ਵਿਹਾਰ ਨਕੋਦਰ ਵਿਖੇ ਬੱਚਿਆਂ ਦਾ ਧੰਮ ਅਭਿਆਸ ਕਰਵਾਇਆ ਗਿਆ




**ਨਕੋਦਰ–** ਮਿਤੀ 26-10-2025 ਦਿਨ ਐਤਵਾਰ ਨੂੰ ਅਸੋਕਾ ਬੁੱਧ ਵਿਹਾਰ ਨਕੋਦਰ ਵਿਖੇ ਬੱਚਿਆਂ ਦਾ ਧੰਮ ਅਭਿਆਸ ਕਰਵਾਇਆ ਗਿਆ, ਜਿਸ ਵਿੱਚ ਉਹਨਾ ਨੂੰ ਨਮਨ ਕਰਨਾ , ਤ੍ਰਿਸਰਣ ਕੀ ਹੈ ਅਤੇ ਕਿਉ ਲੈਣੀ ਚਾਹੀਦੀ ਹੈ ਅਤੇ ਪੰਜਸ਼ੀਲ ਜੀਵਨ ਵਿੱਚ ਧਾਰਨ ਨਾਲ ਕੀ ਕੀ ਲਾਭ ਪ੍ਰਾਪਤ ਹੁੰਦੇ ਹਨ ਅਤੇ ਅਗਿਆਨ ਵਿੱਚ ਕਿਸੇ ਦੀ ਗੱਲ ਮੰਨ ਲੈਣ ਨਾਲ ਕੀ ਕੀ ਨੁਕ-ਸਾਨ ਹੋ ਸਕਦੇ ਹਨ। ਅੱਜ ਡਾਂ. ਅੰਬੇਡਕਰ ਟਿਓਂਸਨ ਸੈਂਟਰ, ਪਿੰਡ ਪੋਆਦੜਾ, ਤਲਵਣ ਤੋਂ ਬੱਚੇ ਅਸੋਕਾ ਬੁੱਧ ਵਿਹਾਰ ਵਿਖੇ ਡਾ. ਵਰਿੰਦਰ ਜੀ ਅਤੇ ਸਾਡੇ ਸਤਿਕਾਰ ਯੋਗ ਸਾਥੀ ਕਮਲ ਬਸਰਾ ਜੀ ਦੀ ਦੇਖ ਰੇਖ ਰਾਂਹੀ ਪਹੁੰਚੇ ਸਨ। ਉਹਨਾਂ ਦੇ ਨਾਲ ਬੱਚਿਆ ਦੇ ਅਧਿਆਪਕ ਜੀ ਵੀ ਸਨ॥ ਇਸ ਤੋਂ ਇਲਾਵਾ ਨਕੋਦਰ ਤੌਂ ਵੀ ਬੱਚੇ ਬੁੱਧ ਵਿਹਾਰ ਵਿਖੇ ਪਹੁੰਚੇ ਸਨ।

ਸਮਾਜ ਵੀਕਲੀ ਨਿਊਜ਼



ਪੂਜਨੀਯ ਮਹਿਲਾ ਭਿੱਖੂ ਸੁਮਿਤਾ ਜੀ ਨੇ ਬੱਚਿਆ ਨੂੰ ਧੰਮ ਦਾਂ ਅਭਿਆਸ ਕਰਵਾਇਆ, ਮੈਡੀਟੇਸਨ ਕਰਵਾਈ ਅਤੇ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਮਿਸ਼ਨ ਸਬੰਧੀ ਸਿਖਿਆ ਦਿੱਤੀ॥ ਰਾਜ ਕੁਮਾਰ ਬੋਧ ਵਲੋ ਵੀ ਬੱਚਿਆਂ ਨੂੰ ਜੈ ਭੀਮ ਅਤੇ ਨਮੋ ਬੁਧਾਏ ਕਹਿਣ ਦੇ ਅਰਥ ਸਮਝਾਏ ਗਏ ਅਤੇ ਕਮਲ ਬਸਰਾ ਜੀ ਵਲੋ ਵੀ ਬੱਚਿਆਂ ਨੂੰ ਧੰਮ ਸਿਖਿਆ ਦਿੱਤੀ ਗਈ ਅਤੇ ਉਤਸਾਹ ਨਾਲ ਇਹਨਾਂ ਸਿੱਖਿਆਵਾਂ ਨੂੰ ਜੀਵਨ ਵਿੱਚ ਢਾਲਣ ਲਈ ਹੋਸਲਾ ਦਿੱਤਾ॥ ਸਭ ਬੱਚਿਆਂ ਨੂੰ ਖਾਣ ਲਈ ਫਰੂਟ ਦਾ ਵੀ ਪ੍ਰਬੰਧ ਕੀਤਾ ਗਿਆ।

**ਜੈ ਭੀਮ ਨਮੋ ਬੁਧਾਏ**

# Ambedkar Association of North America (AANA) Honoured with the 2025 CSWE Partners in Advancing International Education (PIE) Organization Award

SAMAJ WEEKLY UK

Denver, CO — October 25, 2025 — The Council on Social Work Education (CSWE) has named the Ambedkar Association of North America (AANA) the recipient of the 2025 Partners in Advancing International Education (PIE) Organization Award, recognizing its outstanding contributions to global social work education and social justice. The award was presented at the 71st Annual CSWE Conference in Denver, Colorado, themed "Championing Disability Justice and Dignity in Social Work."




Now in its twentieth year, the PIE Awards honour individuals, students, and organizations that demonstrate leadership and innovation in advancing international social work.

Founded in 2008, AANA is a volunteer-driven non-profit organization dedicated to uplifting marginalized communities through education, empowerment, and advocacy. Rooted in Dr. B.R. Ambedkar's guiding philosophy—Educate, Agitate, Organize—AANA works through local chapters across the United States and global partnerships to drive systemic change. Its mission is to foster equity by advancing community development and transformative education.

AANA's initiatives address key areas of social impact, including scholarships and school infrastructure support for underserved communities in India; digital literacy and girls' education programs improving retention rates; and health equity projects such as sickle cell screening and nutrition support. The organization also led emergency relief efforts during the COVID-19 pandemic, advocated for anti-caste legislation in the United States, and funded caste equity education through documentaries and awareness campaigns.

Additional programs include women's empowerment workshops that strengthen civic participation and youth leadership retreats that foster solidarity within the South Asian diaspora. With over 99% of donations directly funding community programs, AANA is widely recognized for transparency, accountability, and impact. Through these grassroots efforts, AANA connects struggles for equality in South Asia with movements for justice in the United States. Its programs embody global solidarity and the belief that education is a tool for liberation and lasting social change.







Recognition from CSWE

In presenting the award, the CSWE Commission on Global Social Work Education commended AANA for its "transformative role in linking education, empowerment, and advocacy to advance global social justice."

Accepting the honor, AANA President Mrs. Smitha expressed gratitude on behalf of the organization's volunteers and partners:

"We are deeply honoured to receive this recognition from CSWE. This award celebrates not just AANA's work, but the enduring vision of Dr. B.R. Ambedkar—a world where education is the pathway to equality, and justice knows no borders."

The 2025 PIE Awards also recognized Dr. Ann Petrila, Professor of the Practice at the University of Denver, for her work in genocide education and survivor narratives in Bosnia, and Finau Rabuka-Conklin, MSW and PhD student at the University of Utah, for her research on historical trauma and mental health disparities among Pacific Islanders.

About the Council on Social Work Education (CSWE)

Founded in 1952, CSWE is the national association representing social work education in the United States, with more than 900 accredited programs. As the sole accrediting body, CSWE advances excellence and innovation through leadership, scholarship, and advocacy grounded in anti-racism, diversity, equity, inclusion, and belonging (ADEIB). Headquartered in Alexandria, Virginia, CSWE is committed to addressing the legacies of colonization and promoting social justice through education and research.

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ facebook samajweekly

ਸਾਨੂੰ ਐਕਸ ਤੇ ਫੌਲੋ ਕਰੋ X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com